# ਚਿਰਾਗ

ਅਕਤੂਬਰ -ਦਸੰਬਰ 1994

**October - December 1994**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼

ਪੁਸਤਕ ਲੜੀ—10

## ਰਾਜਨੀਤੀ ਤੇ ਸਾਹਿਤ

"ਰਾਜਨੀਤੀ ਤੋਂ ਦੂਰ ਰਹਿਣਾ ? ਕਿਹੜੀ ਗੱਲੋਂ ?" ਇਸ ਦਾ ਅਰਥ ਹੋਵੇਗਾ ਰਾਜਨੀਤੀ ਤੋਂ ਸ਼ਰਮਾਉਣਾ, ਇਸ ਤੋਂ ਲੁਕਣਾ, ਆਪਣੇ ਆਪ ਨੂੰ ਸੁਹਜਵਾਦ ਤੇ ਵਿਅਕਤੀ-ਵਾਦ ਵਿਚ ਤਾੜੀ ਰੱਖਣਾ, ਸਟੇਟ ਨੂੰ, ਵੇਲਾ ਵਿਹਾ ਚੁੱਕੇ ਤਰੀਕਿਆਂ ਨਾਲ, ਲੋਕਾਂ ਨਾਲ ਜੋ ਮਰਜ਼ੀ ਕਰਨ ਦੀ ਖੁੱਲ੍ਹ ਦੇਈ ਰੱਖਣਾ। ਜੇ ਅਸੀਂ ਰਾਜਨੀਤੀ ਤੋਂ ਦੂਰ ਰਹਾਂਗੇ ਤਾਂ ਕੋਈ ਹੋਰ ਧਿਰ "ਰਾਜਨੀਤੀ ਵਿਚ" ਆ ਘੁਸੇਗੀ ਤੇ ਸਾਡੀ ਅੱਖ ਤੋਂ ਓਹਲੇ ਰਹੇਗੀ। ਉਹ ਧਿਰ ਜਿਵੇਂ ਠੀਕ ਚਾਹੇ ਕੰਮ ਕਰੇਗੀ, ਅਰਥਾਤ, ਜੇ ਉਹ ਚਾਹੇ ਜੰਗ ਛੇੜ ਦੇਵੇਗੀ, ਉਸ ਸ਼੍ਰੇਣੀ ਦੇ ਵਿਰੋਧੀਆਂ ਨਾਲ ਵਪਾਰਕ ਸੌਦੇ ਕਰੇਗੀ, ਜਿਸ ਨੂੰ ਕਿ ਅਸੀਂ ਇਤਿਹਾਸ ਦੀ ਨਵੀਂ ਸ਼ਕਤੀ ਬਣਦੀ ਵੇਖਣ ਦਾ ਸੁਪਨਾ ਲੈਂਦੇ ਹਾਂ। ਲੋਕਾਂ ਨੂੰ ਬਿਲਾ ਵਜ੍ਹਾ ਗੋਲੀਆਂ ਮਾਰਨਗੇ ਤੇ ਯੂਰਪੀ ਜੀਵਨ ਦੇ ਤੂਫ਼ਾਨੀ ਪਾਣੀਆਂ ਤੇ ਕਾਲਾ ਤੇਲ ਡੋਲ੍ਹਣਗੇ। ਇਸ ਦਾ ਅਰਥ ਹੋਵੇਗਾ ਕਿ ਅਸੀਂ ਖੋਪੇ ਚਾੜ੍ਹੀ ਰੱਖੀਏ, ਉਸ ਪਾਸੇ ਤੱਕਣ ਦੀ ਕੋਸ਼ਿਸ਼ ਨਾ ਕਰੀਏ ਅਜੇਹੀ ਹਾਲਤ ਵਿਚ, ਇਹ ਸੰਭਵ ਨਹੀਂ ਕਿ ਅਸੀਂ ਉਨੀਵੀਂ ਸਦੀ ਦੇ ਮਹਾਨ ਲੇਖਕਾਂ ਦੀ ਪ੍ਰਸੰਸਾ ਕਰਨ ਦੇ ਯੋਗ ਹੋ ਸਕੀਏ।"

(ਅਲੈਗਜ਼ਾਂਦਰ ਬਲਾਕ—ਰੂਸੀ ਕਵੀ ਦੀ ਡਾਇਰੀ 'ਚੋਂ)

ਮੁੱਲ : ਅੱਠ ਰੁਪਏ

# ਚਿਰਾਗ਼

ਪੁਸਤਕ ਲੜੀ ਨੰ: 10

ਅਕਤੂਬਰ-ਨਵੰਬਰ-ਦਸੰਬਰ 1994



**ਸੰਪਾਦਕ :** ਹਰਭਜਨ ਸਿੰਘ ਹੁੰਦਲ

**ਸੰਪਾਦਕੀ-ਮੰਡਲ :—**
ਡਾ: ਕਰਮਜੀਤ ਸਿੰਘ
ਸੁਰਜੀਤ ਗਿੱਲ



★ ਇਸ ਅੰਕ ਦਾ ਵਿਸ਼ੇਸ਼ ਕਵੀ : ਨਜਮ ਹਸੈਨ ਸੱਯਦ ਦੀਆਂ ਪੰਜ ਕਵਿਤਾਵਾਂ

★ ਲੇਖ : ਡਾ: ਅਯੂਬ ਮਿਰਜ਼ਾ (ਫ਼ੈਜ਼ ਦੀਆਂ ਯਾਦਾਂ), ਰਾਮ ਸਰੂਪ ਅਣਖੀ (1984 ਤੋਂ ਪਿੱਛੋਂ ਦਾ ਪੰਜਾਬੀ ਗਲਪ ਸਾਹਿਤ)

★ ਗ਼ਜ਼ਲਾਂ : ਪ੍ਰਕਾਸ਼ ਕੌਰ ਹਮਦਰਦ, ਭਜਨ ਸਿੰਘ ਵਿਰਕ, ਪਾਲ ਗੁਰਦਾਸਪੁਰੀ, ਸੁਰਜੀਤ ਜੱਜ, ਮਹਿਮਾ ਸਿੰਘ, ਸੁਸ਼ੀਲ ਦੁਸਾਂਝ ।

★ ਕਵਿਤਾਵਾਂ : ਨ੍ਰਿਪਇੰਦਰ ਰਤਨ, ਨੂਰ ਸੰਤੋਖਪੁਰੀ, ਅਮਰਜੀਤ ਕੌਂਕੇ, ਮਦਨ ਵੀਰਾ ।

★ ਕਹਾਣੀ : ਧਰਮਪਾਲ ਸਾਹਿਲ (ਗਿੱਲੀ ਮਿੱਟੀ ਦੇ ਖਿਡੌਣੇ)
ਮੱਖਣ ਮਾਨ (ਹਾਰਿਆ ਹੋਇਆ ਆਦਮੀ)

★ ਵਾਘਿਓਂ ਪਾਰ : ਨਜਮ ਹੁਸੈਨ ਸੱਯਦ, ਡਾ: ਅਯੂਬ ਮਿਰਜ਼ਾ, ਮੀਆਂ ਸਲੀਮ ਜਹਾਂਗੀਰ, ਅਰਸ਼ਾਦ ਇਹਜਾਜ਼ ਰਾਣਾ (ਕਹਾਣੀ)

★ ਵਤਨੋਂ ਦੂਰ : ਭੁਪਿੰਦਰ ਸਿੰਘ ਸੱਗੂ, ਨਦੀਮ ਪਰਮਾਰ, ਗੁਰਨਾਮ ਢਿਲੋਂ, ਜਤਿੰਦਰ ਪੱਤੜ ।

★ ਆਢੋਂ ਗਵਾਢੋਂ : ਹਿੰਦੀ ਗ਼ਜ਼ਲ (ਖੁਰਸ਼ੀਦ ਤਲਬ) ਉਰਦੂ ਗ਼ਜ਼ਲ (ਆਬਿਦ ਆਜ਼ਮੀ)

★ ਪੁਸਤਕ ਪੜਚੋਲ : ਮਾਤਮਖ਼ਾਨਾ, ਗੁਆਚੇ ਸੂਰਜ (ਸੁਰਜੀਤ ਗਿੱਲ)
ਨਵੇਂ ਦਿਸਹੱਦਿਆਂ ਦੀ ਤਲਾਸ਼, ਮੱਸਿਆ ਤੇ ਗੁਲਾਬੀ ਲੋਅ (ਹ. ਸ. ਹ.), ਸਿਆਹ ਮੌਸਮ ਸੂਹੀ ਮਹਿਕ (ਸਰਬਜੀਤ ਸਿੰਘ)

★ ਤੁਹਾਡੇ ਖ਼ਤ : ਗੁਰਦੀਪ, ਵਿਸ਼ਾਲ, ਅਮਨਪਾਲ ਸਾਰਾ, ਨਦੀਮ ਪਰਮਾਰ, ਇੰਦਰ ਨਾਥ ਬੈਨਰਜੀ, ਪਿਆਰਾ ਸਿੰਘ ਹੁੰਦਲ, ਸੰਤੋਖ ਧਾਲੀਵਾਲ ।

★ ਪੁਸਤਕ ਪ੍ਰਾਪਤੀ : ............



Postal Address :
Harbhajan Singh Hundal,
Editor Chirgh (Quarterly),
V. Fatu Chak,
P/o. Dhilwan,
Distt. Kapurthala-144804
(Pb.) India



ਸਹਾਇਤਾ ਵੇਰਵਾ :

| | | |
|---|---|---|
| ਇਕ ਪਰਚਾ | : | 8 ਰੁਪਏ |
| ਵਾਰਸ਼ਿਕ | : | 30 ਰੁਪਏ |
| ਬਦੇਸ਼ (ਵਾਰਸ਼ਿਕ) | : | 250 ਰੁਪਏ |
| ਇਕ ਪਰਚਾ | : | ਇਕ ਪੌਂਡ |

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ E. J.-272, ਚਹਾਰ ਬਾਗ਼, ਜਲੰਧਰ ਤੋਂ ਪ੍ਰਕਾਸ਼ਤ ਕੀਤਾ ।


ਸੰਪਾਦਕੀ

## ਸਾਹਿਤ-ਸਭਾਵਾਂ ਦੇ ਨਾਂ

ਪੰਜਾਬੀ ਸਾਹਿਤਕ ਖੇਤਰ ਵਿਚ ਸਾਹਿਤ-ਸਭਾਵਾਂ ਦਾ ਇਕ ਲੰਮੇਰਾ ਇਤਿਹਾਸ ਹੈ ਤੇ ਇਹ ਕਈ ਪੱਖਾਂ ਤੋਂ ਵਿਲੱਖਣ ਤੇ ਗੌਰਵ-ਸ਼ਾਲੀ ਵੀ ਹੈ। ਪਿਛਲੇ ਪੰਜਾਹ ਸਾਲਾਂ ਵਿਚ ਸਾਹਿਤ ਸਭਾਵਾਂ ਦੇ ਬਣਨ, ਉਸਰਨ ਤੇ ਬਿਖਰਨ ਦੇ ਵੀ ਕਈ ਵਰਤਾਰੇ ਸਾਹਮਣੇ ਆ ਚੁੱਕੇ ਹਨ ਤੇ ਸਾਡੇ ਤਜਰਬੇ ਦਾ ਭਾਗ ਬਣ ਚੁੱਕੇ ਹਨ। ਫੇਰ ਵੀ ਸਭਿਆਚਾਰਕ ਤੇ ਸਾਹਿਤਕ ਜਥੇਬੰਦੀਆਂ ਦੀ ਗਿਣਤੀ ਸਦਾ ਹੀ ਵਧਦੀ ਚਲੀ ਗਈ ਹੈ ਤੇ ਨਵੇਂ ਸ਼ਹਿਰਾਂ, ਨਗਰਾਂ ਤੇ ਪਿੰਡਾਂ ਵਿਚ, ਹਰ ਸਾਲ ਨਵੀਆਂ ਸਭਾਵਾਂ ਦੇ ਬਣਨ ਦੀਆਂ ਖ਼ਬਰਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ ਅਤੇ ਇਹ ਗੱਲ ਸ਼ਾਇਦ ਪੰਜਾਬੀ ਦੇ ਟਾਕਰੇ ਵਿਚ ਹੋਰ ਭਾਸ਼ਾਵਾਂ ਵਿਚ ਇਸ ਰੂਪ ਵਿਚ ਵੇਖਣ ਨੂੰ ਨਹੀਂ ਮਿਲਦੀ।

ਸਾਹਿਤ-ਸਭਾਵਾਂ ਦੇ ਬਣਨ ਨਾਲ ਨਵੇਂ ਉੱਠਦੇ ਲੇਖਕਾਂ ਨੂੰ ਉਤਸ਼ਾਹ ਵੀ ਮਿਲਦਾ ਹੈ ਤੇ ਸਾਹਿਤਕ ਸਮੱਸਿਆਵਾਂ ਨੂੰ ਸਾਂਝੇ ਤੌਰ ਤੇ ਵਿਚਾਰਨ ਨਾਲ ਲੋੜੀਂਦੀ ਅਗਵਾਈ ਤੇ ਸਾਹਿਤਕ ਸ਼ਿਲਪ ਦੀ ਮੁੱਢਲੀ ਸਿਖਲਾਈ ਵੀ ਪ੍ਰਾਪਤ ਹੁੰਦੀ ਹੈ। ਨਾਲ ਦੀ ਨਾਲ ਕੁਝ ਸਾਹਿਤ ਪ੍ਰੇਮੀਆਂ ਦਾ ਘੇਰਾ ਵੀ ਬਣਦਾ ਹੈ, ਜਿਹਨਾਂ ਵਿਚ ਕਈ ਹੌਲੀ ਹੌਲੀ ਲੇਖਕ ਬਣਨ ਲਈ ਅਹੁਲਦੇ ਹਨ। ਇੰਝ ਬਹੁਤ ਸਾਰੇ ਵਿਅਕਤੀਆਂ ਦੀ ਅੰਦਰਲੀ ਪ੍ਰਤਿਭਾ ਦੇ ਉਪਜਣ ਤੇ ਵਿਗਸਣ ਵਿਚ ਸਹਾਇਤਾ ਮਿਲਦੀ ਹੈ ਤੇ ਸਾਹਿਤ ਧਾਰਾ ਦੇ ਵਿਕਾਸ ਵਿਚ ਨਵੀਂ ਪ੍ਰਤਿਭਾ ਦਾ ਲਗਾਤਾਰ ਪ੍ਰਵੇਸ਼ ਹੁੰਦਾ ਰਹਿੰਦਾ ਹੈ।

ਐਪਰ ਸਾਹਿਤ ਸਭਾਵਾਂ ਦੇ ਸੰਚਾਲਣ ਸਮੇਂ ਸਵਾਰਥੀ ਹਿੱਤਾਂ ਵਾਲੇ ਲੇਖਕ, ਆਪਣੇ ਨਿੱਜੀ ਲਾਭਾਂ ਲਈ ਆਪਣੇ ਨਾਲ ਅਜੇਹੇ ਗੈਰ-ਸਾਹਿਤਕ ਵਿਅਕਤੀਆਂ ਨੂੰ ਵੀ ਜੋੜਨ ਲੱਗ ਪੈਂਦੇ ਹਨ, ਜਿਹਨਾਂ ਦਾ ਸਾਹਿਤ ਨਾਲ ਕੋਈ ਦੂਰ ਜਾਂ ਨੇੜੇ ਦਾ ਰਿਸ਼ਤਾ/ਵਾਸਤਾ ਨਹੀਂ ਹੁੰਦਾ। ਸਿੱਟੇ ਵਜੋਂ ਜਾਹਲੀ ਭਰਤੀ ਦੀ ਰੁਚੀ ਭਾਰੂ ਹੋ ਜਾਂਦੀ ਹੈ ਤੇ ਧੜੇਬੰਦੀਆਂ ਜਨਮ ਲੈਂਦੀਆਂ ਹਨ ਤੇ ਗੈਰ-ਵਿਧਾਨਕ ਤੇ ਲੋਕ-ਰਾਜ ਵਿਰੋਧੀ ਪ੍ਰਵਿਰਤੀਆਂ ਵੀ ਪ੍ਰਗਟ ਹੁੰਦੀਆਂ ਹਨ। ਆਪਣੇ ਆਪਣੇ ਧੜੇ ਨੂੰ ਤਕੜਾ ਕਰਨ ਲਈ, ਪ੍ਰੀਵਾਰ, ਯਾਰਾਂ-ਦੋਸਤਾਂ, ਆਪਣੇ ਬੱਚਿਆਂ, ਸਟਾਫ ਮੈਂਬਰਾਂ ਤੇ ਨਾਲ ਹੀ ਲੋੜ ਸਮੇਂ ਵਰਤੇ ਜਾਣ ਵਾਲੇ ਲੱਠਬਾਜ਼ਾਂ ਨੂੰ ਭਰਤੀ ਕਰਨ ਦੇ ਵਰਤਾਰੇ ਵੇਖਣ ਵਿਚ ਆਉਂਦੇ ਹਨ। ਅਜੇਹੇ ਵਿਅਕਤੀ ਸਾਹਿਤਕ ਅਥਵਾ ਰਚਨਾਤਮਿਕ ਸਰਗਰਮੀਆਂ ਦੇ ਨਿਤਾਪ੍ਰਤੀ ਕਾਰਜਾਂ ਵਿਚ ਤਾਂ ਹਾਜ਼ਰ ਨਹੀਂ ਹੁੰਦੇ, ਬੱਸ ਸਾਲ ਜਾਂ ਦੋ ਸਾਲਾਂ ਬਾਅਦ, ਸਿਰਫ ਚੋਣ ਸਮਾਗਮਾਂ ਵਿਚ ਹਾਜ਼ਰ ਹੁੰਦੇ ਹਨ ਤੇ

ਆਪਣੇ ਧੜੇ ਦੇ ਸਾਹਿਤਕ ਲੇਖਕਾਂ ਸਿਰ ਅਹੁਦੇ ਦੇ ਤਾਜ ਸਜਾ ਕੇ, ਸਾਲ ਜਾਂ ਦੋ ਸਾਲਾਂ ਲਈ ਅਲੋਪ ਹੋ ਜਾਂਦੇ ਹਨ। ਨਿਸਚੇ ਹੀ ਅਜਿਹੇ ਕੌਤਕ ਸਾਹਿਤ ਜਾਂ ਸਾਹਿਤਕਾਰਾਂ ਦਾ ਕੁਝ ਨਹੀਂ ਸੰਵਾਰ ਸਕਦੇ। ਹਾਂ, ਕਈਆਂ ਅਲੇਖਕਾਂ ਨੂੰ ਇਹ ਭਰਮ ਜ਼ਰੂਰ ਰਹਿੰਦਾ ਹੈ ਕਿ ਉਹਨਾਂ ਦਾ ਨਾਂ ਸਮੇਂ ਸਮੇਂ ਅਖਬਾਰਾਂ ਤੇ ਪੱਤਰਾਂ ਵਿਚ ਛਪਦਾ ਰਹਿੰਦਾ ਹੈ।

ਇੰਝ ਹੀ, ਸਾਹਿਤ-ਸਭਾਵਾਂ ਵਲੋਂ ਛਾਪੀਆਂ ਜਾਂਦੀਆਂ ਪੁਸਤਕਾਂ ਦੀ ਹਾਲਤ ਵੀ ਚਿੰਤਾ ਦਾ ਕਾਰਨ ਬਣਦੀ ਹੈ ਤੇ ਪ੍ਰਬੰਧਕ ਜਾਂ ਸੰਪਾਦਕ ਪੁਸਤਕ ਦੀ ਤਿਆਰੀ ਸਮੇਂ ਕਿਸੇ ਸਾਹਿਤਕ ਮਿਆਰ ਨੂੰ ਕਾਇਮ ਨਹੀਂ ਰੱਖ ਸਕਦੇ। ਕਿਉਂਕਿ ਪੁਸਤਕ ਦੀ ਤਿਆਰੀ ਸਮੇਂ ਹਰ ਮੈਂਬਰ ਦੇ ਅਧਿਕਾਰ ਬਰਾਬਰ ਹੁੰਦੇ ਹਨ ਤੇ ਪੁਸਤਕ ਦੀ ਛਪਾਈ ਦਾ ਬਣਦਾ ਖਰਚ ਦੇ ਕੇ, ਹਰ ਨਵਾਂ ਤੇ ਕੱਚ ਘਰੜ ਲੇਖਕ ਪੁਸਤਕ ਵਿਚ ਸ਼ਾਮਲ ਹੋਣ ਦਾ ਹੱਕ ਰੱਖਦਾ ਹੁੰਦਾ ਹੈ। ਸਿੱਟੇ ਵਜੋਂ ਛਪ ਕੇ ਆਈ ਪੁਸਤਕ ਵਿਚ ਦੋ ਚਾਰ ਲੇਖਕ ਤਾਂ ਹੋਣਹਾਰ ਹੁੰਦੇ ਹਨ, ਪਰ ਬਾਕੀ ਸਾਰੀ ਹੇਠਲੇ ਪੱਧਰ ਦੀ ਸਿਖਾਂਦਰੂ ਭਰਤੀ ਹੁੰਦੀ ਹੈ। ਜਦ ਅਜੇਹੀਆਂ ਸਾਂਝੇ ਤੌਰ ਤੇ ਛਾਪੀਆਂ ਪੁਸਤਕਾਂ ਟਿੱਪਣੀਕਾਰਾਂ ਤੇ ਸਾਹਿਤ-ਪਾਰਖੂਆਂ ਕੋਲ ਰਾਏ ਲਈ ਜਾਂਦੀਆਂ ਹਨ, ਤਾਂ ਉਹ ਬੁਰੀ ਤਰ੍ਹਾਂ ਰੱਦ ਹੋ ਜਾਂਦੀਆਂ ਹਨ ਤੇ ਸਾਹਿਤ ਦੇ ਵਿਕਾਸ ਵਿਚ ਕੋਈ ਵਾਧਾ ਨਹੀਂ ਕਰਦੀਆਂ। ਇਹਨਾਂ ਪੁਸਤਕਾਂ ਉੱਤੇ ਕਰਾਈਆਂ ਜਾਂਦੀਆਂ ਗੋਸ਼ਟੀਆਂ ਵੀ ਬੱਸ ਖਾਨਾਪੂਰੀ ਹੀ ਹੁੰਦੀਆਂ ਹਨ ਤੇ ਨਿੰਦਿਆ ਜਾਂ ਮਹਿਮਾ ਤੀਕ ਸੀਮਤ ਹੋ ਕੇ ਰਹਿ ਜਾਂਦੀਆਂ ਹਨ। ਲੋੜ ਇਸ ਗੱਲ ਦੀ ਹੈ ਕਿ ਹਰ ਪੱਧਰ ਤੇ ਨਿਸਚਿਤ ਸਾਹਿਤਕ ਮਿਆਰ ਨੂੰ ਪਹਿਲ ਦਿੱਤੀ ਜਾਵੇ ਤੇ ਲੁਕੀ ਪ੍ਰਤਿਭਾ ਨੂੰ ਪਛਾਣ ਕੇ, ਉਸ ਦੇ ਵਿਗਸਣ ਲਈ ਹਰ ਯੋਗ ਉਪਰਾਲਾ ਕੀਤਾ ਜਾਵੇ।

ਏਸੇ ਸਬੰਧ ਵਿਚ ਹੀ, ਸਾਹਿਤਕ ਮਾਣ-ਸਨਮਾਨ ਦੀ ਵੱਧ ਰਹੀ ਰੁਚੀ ਬਾਰੇ ਵੀ ਵਿਚਾਰ ਕਰਨ ਦੀ ਲੋੜ ਹੈ। ਬਹੁਤ ਸਾਰੀਆਂ ਸਾਹਿਤਕ ਸਭਾਵਾਂ ਤੇ ਸਭਿਆਚਾਰਕ ਸੰਸਥਾਵਾਂ ਪ੍ਰਮੁੱਖ ਲੇਖਕਾਂ ਤੇ ਕਲਾਕਾਰਾਂ ਦੇ ਨਾਮ ਉੱਤੇ ਪੁਰਸਕਾਰ ਪ੍ਰਧਾਨ ਕਰਦੀਆਂ ਹਨ, ਪਰ ਬਹੁਤ ਵਾਰੀ ਪੁਰਸਕਾਰ ਪ੍ਰਾਪਤ ਕਰਤਾ ਨੇ, ਆਪਣੀ ਸਾਹਿਤਕ ਜਾਂ ਸਭਿਆਚਾਰਕ ਘਾਲਣਾ ਨਾਲ, ਆਪਣੀ ਕੋਈ ਵਿਸ਼ੇਸ਼ ਪਛਾਣ ਨਹੀਂ ਬਣਾਈ ਹੁੰਦੀ। ਏਥੇ ਵੀ ਸਾਹਿਤਕ ਘਾਲਣਾ ਤੇ ਵਿਸ਼ੇਸ਼ ਪ੍ਰਾਪਤੀ ਨੂੰ ਪਹਿਲ ਦੇਣੀ ਚਾਹੀਦੀ ਹੈ, ਨਾ ਕਿ ਭਾਈਚਾਰਕ ਜਾਂ ਨਿੱਜੀ ਸਬੰਧਾਂ ਨੂੰ। ਆਸ ਹੈ ਸਾਹਿਤਕ ਲਹਿਰ ਵਿਚ ਆਗੂ ਕਰਤਵ ਨਿਭਾਉਂਦੇ ਲੇਖਕ ਤੇ ਕਾਰਜ-ਕਰਤਾ ਸਾਡੀ ਭਾਵਨਾ ਨੂੰ ਭਲੀ-ਭਾਂਤ ਸਮਝ ਕੇ, ਉੱਚੇ ਤੇ ਸੁੱਚੇ ਸਾਹਿਤਕ ਮਿਆਰਾਂ ਨੂੰ ਪਹਿਲ ਦਿਆ ਕਰਨਗੇ।

—ਹਰਭਜਨ ਸਿੰਘ ਹੁੰਦਲ



ਇਸ ਅੰਕ ਦਾ ਵਿਸ਼ੇਸ਼ ਕਵੀ

## ਨਜਮ ਹੁਸੈਨ ਸੱਯਦ ਦੀਆਂ ਕਵਿਤਾਵਾਂ

ਜਨਮ : 1927 ਬਟਾਲਾ ਜ਼ਿਲਾ ਗੁਰਦਾਸਪੁਰ। ਪੁਸਤਕਾਂ : (1) ਸੇਧਾਂ (2) ਸਾਰਾਂ (3) ਅਕੱਥ ਕਹਾਣੀ (ਹੀਰ ਦਮੋਦਰ ਬਾਰੇ ਆਲੋਚਨਾ) (1990) (4) Recurrent Patterns in Punjabi Poetry (1968) **ਨਾਟਕ** (5) ਤਖਤ ਲਾਹੌਰ (6) ਹਾੜ ਦੇ ਫੁੱਲ (7) ਜੰਗਲ ਦਾ ਰਾਖਾ **ਕਵਿਤਾ :**— (8) ਚੰਦਨ ਰੁੱਖ ਤੇ ਵਿਹੜਾ (1968) (9) ਬਾਰ ਦੀ ਵਾਰ (10) ਕਾਫੀਆਂ (1965) (11) ਰੁੱਤ ਦੇ ਕੰਮ (12) ਖੱਪੇ (1986) ਚੋਣਵੀਂ ਕਵਿਤਾ (13) ਸ਼ੀਸ਼ ਮਹੱਲ ਦੀ ਵਾਰ (1991)

ਪੇਸ਼ਾ : ਸਰਕਾਰੀ ਨੌਕਰੀ ਵਿਚ ਉੱਚ-ਅਧਿਕਾਰੀ

ਸਨਮਾਨ : ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਫੀਰੋਜ਼ਦੀਨ ਸ਼ਰਫ਼ ਅਵਾਰਡ (1994)

ਪਤਾ : 49, ਜੇਲ੍ਹ ਰੋਡ, ਲਾਹੌਰ, ਪਾਕਿਸਤਾਨ।

### (1) ਸਵਾਲ

ਵੇ ਕੋਈ ਅੱਖੀਆਂ ਵਾਲਾ
ਕਿਸੇ ਭਾਗ-ਭਰੀ ਦਾ ਜਾਇਆ ਵੇ
ਮੈਨੂੰ ਰਾਹੇ ਪਾਇਓ।

'ਲਓ ਮਾਂ ਜੀ, ਦੱਸੋ ਕਿੱਥੇ ਜਾਣਾ ਏ ?"
"ਵੇ ਪੁੱਤ ਤੇਰੇ ਵੱਸਣ ਦਵਾਰੇ
ਤੈਨੂੰ ਅੱਲਾ ਨਬੀ ਦਾ ਸਾਇਆ ਵੇ
ਤੇਰੇ ਜਗਣ ਮੁਨਾਰੇ।

ਵੇ ਤੂੰ ਨੈਣ ਪਰਾਣਾ ਵਾਲਾ ਹੋ ਕੇ ਮੈਨੂੰ ਪਛਨਾ ਏ ?
ਤੇ ਮੈਂ ਅੰਨ੍ਹੀ ਹੋ ਕੇ ਤੈਨੂੰ ਦੱਸ ਕੀ ਦੱਸਾਂ ?"

(ਕਾਫੀਆਂ ਚੋਂ)

### (2) ਗਾਵਣ

ਚਲੋ ਸੜਕਾਂ ਤੇ ਰੁੱਖ ਬਣ ਜਾਈਏ
ਪਾਲੋ ਪਾਲ ਖਲੋਤੇ ਰਹੀਏ
ਕਿਸੇ ਨੂੰ ਨਜ਼ਰ ਨਾ ਆਈਏ
ਚੜ੍ਹਦੀ ਚੜ੍ਹੇ ਤੇ ਲਹਿੰਦੀ ਲੱਥੇ
ਕੀੜੀ ਚਿੜੀ ਦਾ ਭੇਤ ਲੁਕਾਈਏ
ਜਰੀਏ ਟਹਿਣੀਆਂ ਪੱਤਰਾਂ ਉੱਪਰ

ਧੂੰ ਧੂੜ ਦੀ ਵਰਖਾ
ਅੰਗ ਬੁੱਕਲਾਂ ਵਿਚ
ਕੋਈ ਭਲਕ ਦੀ ਚਿਣਗ ਜਗਾਈਏ ।

(ਖੱਪੇ ਸੰਗ੍ਰਹਿ 'ਚੋਂ)

## (3) ਰੰਗ

ਨਵਿਆਂ ਪੱਤਰਾਂ ਦੇ, ਆਓ ਰੰਗ ਮਨਾਈਏ
ਨਵਿਆਂ ਪੱਤਰਾਂ ਦੇ ਵਾਰੇ ਵਾਰੇ ਜਾਈਏ
ਨਵਿਆਂ ਪੱਤਰਾਂ ਦੀ ਲਿਸ਼ਕ ਸਨੇਹਾ
ਲਿਸ਼ਕ 'ਚੋਂ ਸਿੰਮਦਾ ਸੇਕ ਸੁਨੇਹਾ
ਸੇਕ ਦਿਲੇ ਦੇ ਅੰਦਰ ਧਰੀਏ
ਲਿਸ਼ਕ ਅੱਖੀਂ ਨਾਲ ਲਾਈਏ, ਰੰਗ ਮਨਾਈਏ
ਨਵਿਆਂ ਪੱਤਰਾਂ ਦੇ ਵਾਰੇ ਵਾਰੇ ਜਾਈਏ

ਚੜ੍ਹਿਆ ਮਾਘ, ਵਿਸਾਖ ਵੀ ਆਵਸੀ
ਧੁੱਖਦੀ ਰਹੀ ਤੇ ਮੱਚ ਵੀ ਪਉਸੀ
ਪੋਲੇ ਪੈਰੀਂ ਆਉਂਦਿਆਂ ਅੱਗੇ
ਦਮ ਦਮ ਤੇਲ ਚੁਵਾਈਏ, ਰੰਗ ਮਨਾਈਏ
ਨਵਿਆਂ ਪੱਤਰਾਂ ਦੇ ਵਾਰੇ ਵਾਰੇ ਜਾਈਏ !

ਮਰ ਮਰ ਨਿਤ ਜਿਹੜੇ ਨਵੇਂ ਨਾ ਹੋਏ
ਉਹ ਤਾਂ ਰਹਿਣ ਜੀਊਂਦੇ ਮੋਏ
ਸੂਹੇ ਸਾਵੇ ਨਿਕਲਣ ਤਾਹੀਓਂ
ਹੰਢ ਗਏ ਜਦ ਲਾਹੀਏ, ਰੰਗ ਮਨਾਈਏ
ਨਵਿਆਂ ਪੱਤਰਾਂ ਦੇ ਵਾਰੇ ਵਾਰੇ ਜਾਈਏ ।

(ਖੱਪੇ ਸੰਗ੍ਰਹਿ 'ਚੋਂ)

## (4) ਨਜ਼ਾਮ ਲੁਹਾਰ ਦਾ ਗਾਵਣ

ਅਸਾਂ ਕੀਤਾ ਨਾ ਮਨਜ਼ੂਰ
ਜੀਵਣਾ ਏਸ ਰੰਗ ਦਾ

ਭਉਏ ਭਾਂਡਾ ਜਦ ਵੱਖਰਾ ਹੋਵੇ
ਪੀੜ ਦਿਲਾਂ ਨੂੰ ਕੀਕਣ ਪੋਹੇ
ਮੈਂ ਕੋਲੋਂ ਮੈਂ ਦੂਰ
ਜੀਊਣਾ ਏਸ ਰੰਗ ਦਾ, ਅਸਾਂ ਕੀਤਾ ਨਾ ਮਨਜ਼ੂਰ



ਸਾਡਿਆਂ ਹੱਥਾਂ ਚੋਂ ਮਿਹਨਤ ਨਿਕਲੇ
ਨਿਕਲ ਕੇ ਵੜੇ ਖ਼ਜ਼ਾਨੇ
ਪੁਲਸਾਂ ਪਾਲ ਖ਼ਜ਼ਾਨਿਓਂ ਚਾੜ੍ਹਨ
ਸਾਥੇ ਪੁੱਤਰ ਬਗਾਨੇ
ਸਾਡਿਆਂ ਹੱਥਾਂ 'ਚੋਂ ਮਿਹਨਤ ਨਿਕਲੇ
ਨਿਕਲਕੇ ਚੜ੍ਹ ਜਾਏ ਹੱਟੀ
ਉਹ ਮਹਿੰਗੇ ਅਸੀਂ ਸਸਤੇ ਹੋ ਗਏ
ਪਏ ਭਰੀਏ ਨਿੱਤ ਚੱਟੀ
ਨਾਂ ਨਾਵੇਂ ਦੀ ਚਉਧਰ ਕਿਉਂ ਏ
ਦਿਲ ਸੀਪ ਦਾ ਸੁੰਦਰ ਕਿਓਂ ਏ
ਬੁੱਤ ਵਿੱਚ ਰੂਹ ਮਜਬੂਰ
ਜੀਊਣਾ ਏਸ ਰੰਗ ਦਾ
ਅਸਾਂ ਕੀਤਾ ਨਾ ਮਨਜ਼ੂਰ ।

ਸਾਡਿਆਂ ਹੱਥਾਂ ਵਿਚ ਮਿਹਨਤ ਸਾਡੀ
ਬਣੇ ਸਿਦਕ ਦਾ ਪਿਆਲਾ
ਵਾਰੋ ਵਾਰ ਛਕਣ ਪਈਆਂ ਸੰਗਤਾਂ
ਲੱਥੇ ਦੂਈ ਦਾ ਪਾਲਾ
ਸਾਡਿਆਂ ਹੱਥਾਂ ਵਿਚ ਮਿਹਨਤ ਸਾਡੀ
ਬਣੇ ਫੱਕਰ ਦੀ ਚੂਰੀ
ਰੱਜ ਰੱਜ ਖਾਣ ਪਰੀਤਾਂ ਵਾਲੇ
ਨਿੱਤ ਪੂਰੀ ਦੀ ਪੂਰੀ
ਰਾਜ ਅਸਾਡੇ ਦਾ ਹੋਸੀ ਇਹ ਦਸਤੂਰ ।

## (5) ਹਾੜ ਦੀ ਰਾਤ

ਹਾੜ ਦੀ ਰਾਤ ਇਕ ਗੁੰਮ ਸਮੁੰਦਰ
ਕੰਢਿਆਂ ਉਤੋਂ ਕੈਸਾ
ਗੁੰਮ ਸਮੁੰਦਰ ਵਿਚੋਂ ਨਿਕਲਕੇ ਆਈ ਵਾਅ
ਸਾਡੇ ਹੁੱਸੜ ਬੀੜੇ ਹੱਥ ਪੈਰਾਂ ਨਾਲ
ਖਹਿਕੇ ਲੰਘਦੀ ਕਹਿੰਦੀ ਏ;
ਜੇ ਤੁਸੀਂ ਮਜਬੂਰ ਓ
ਮੈਂ ਮਜਬੂਰ ਨਹੀਂ
ਸਾਵਣ ਦੂਰ ਨਹੀਂ ।"

ਪੰਜਾਬੀ ਰੂਪ : ਹ.ਸ.ਹ.

## ਕਾਂਡ-3

ਡਾ. ਅਯੂਬ ਮਿਰਜ਼ਾ

ਫ਼ੈਜ਼ ਸਾਹਿਬ ਕਮਾਲ ਦੇ ਸ਼ਾਇਰ ਹੋਣ ਦੇ ਨਾਲ ਨਾਲ ਬੜੇ ਕਾਰ ਆਮਦ ਮਨੁੱਖ ਹਨ । ਉਹਨਾਂ ਨੇ ਕਈਆਂ ਦੀ ਬੇੜੀ ਪਾਰ ਲਾਈ ਹੈ ਤੇ ਕਈ ਲੋਕਾਂ ਦੀ ਕਿਸਮਤ ਬਣਾਈ ਹੈ ਜਾਂ ਵਿਗੜਦੀ ਬਚਾਈ ਹੈ । ਇਹਨਾਂ ਸੇਵਾਵਾਂ ਦਾ ਇਵਜ਼ਾਨਾ ਸਿਰਫ ਪਿਆਰ ਤੇ ਚਾਹ ਦੇ ਪਿਆਲੇ ਤੋਂ ਵੱਧ ਕੁਝ ਵੀ ਨਹੀਂ ।

ਪਿੰਡੀ ਕਲੱਬ ਤੋਂ ਨਿਕਲੇ ਤਾਂ ਹਾਰਲੇ ਸਟਰੀਟ ਵਿਖੇ 'ਕੂਚੇ' ਨੂੰ ਜਾਣ ਦੀ ਬਜਾਏ ਫੈਜ਼ ਸਾਹਿਬ ਨੇ ਸਿਵਲ ਲਾਈਨਜ਼ ਜਾਣ ਲਈ ਕਿਹਾ । ਮੈਂ ਗੱਡੀ ਉੱਪਰ ਮੋੜੀ । ਇਸ ਸੜਕ 'ਤੇ ਇਨਕਮ ਟੈਕਸ ਦਾ ਦਫਤਰ, ਆਰਟ ਗੈਲਰੀ, ਚੌਧਰੀ ਫਜ਼ਲ ਇਲਾਹੀ ਦੀ ਕੋਠੀ ਤੇ ਪੰਜਾਬ-ਘਰ ਦੇ ਸਿਵਾ ਕੋਈ ਵਿਸ਼ੇਸ਼ ਸਥਾਨ ਨਹੀਂ ਹੈ । ਇਨਕਮ ਟੈਕਸ ਵਾਲਿਆਂ ਨਾਲ ਫ਼ੈਜ਼ ਸਾਹਿਬ ਨੂੰ ਕੋਈ ਖ਼ਾਸ ਦਿਲਚਸਪੀ ਨਹੀਂ ਹੈ ਤੇ ਨਾ ਹੀ ਫ਼ੈਜ਼ ਸਾਹਿਬ ਨਾਲ ਉਹਨਾਂ ਨੂੰ। ਉਹਨਾਂ ਦੀ ਆਮਦਨੀ ਅੱਜ ਹੈ, ਕਲ੍ਹ ਨਹੀਂ ਤੇ ਟੈਕਸ ਵਾਲਿਆਂ ਨੂੰ ਇਹਦਾ ਗਿਆਨ ਹੈ । ਆਰਟ ਗੈਲਰੀ ਇਸ ਵੇਲੇ ਸ਼ਮਸ਼ਾਨ ਵਾਂਗ ਚੁੱਪ ਹੁੰਦੀ ਹੈ ਅਤੇ ਪ੍ਰਧਾਨ ਦੇ ਮਹਿਲ ਅਤੇ ਪੰਜਾਬ ਹਾਊਸ ਵਲ ਦੀ ਇਸ ਦਰਵੇਸ਼ ਦੀ ਫੇਰੀ ਦਾ ਕੀ ਅਰਥ ? ਉਹਨਾਂ ਦੇ ਕਹਿਣ ਤੇ ਮੈਂ ਖੱਬੇ ਹੱਥ ਮੁੜ ਗਿਆ । ਫਿਰ ਪੁੱਛਿਆ ਤਾਂ ਸੱਜੇ ਮੁੜਨ ਲਈ ਕਿਹਾ। ਸੱਜੇ, ਖੱਬੇ ਦਾ ਚੱਕਰ ਸਦਾ ਟੱਕਰ ਦੀ ਭੂਮਿਕਾ ਹੁੰਦਾ ਹੈ। ਪਰ ਅਸੀਂ ਚੱਕਰ ਕੱਟਦੇ ਰਹੇ। ਆਖਰ ਉਹ ਮੈਨੂੰ ਇਕ ਬੰਗਲੇ ਵਿਚ ਲੈ ਗਏ । ਕਹਿਣ ਲੱਗੇ : ਭਈ ਕਮਾਲ ਦੀ ਗੱਲ ਹੈ ਕਿ ਇਸ ਸ਼ਹਿਰ ਵਿਚ ਰਹਿੰਦਿਆਂ ਤੁਸੀਂ ਇਹਨਾਂ ਨੂੰ ਨਹੀਂ ਮਿਲੇ ! ਕਹਿਣ ਲੱਗੇ ਕਿ ਉਹ ਬੜੇ ਪਿਆਰੇ ਲੋਕ ਸਨ । ਏਨੇ ਨੂੰ ਦਰਵਾਜ਼ਾ ਖੁਲ੍ਹਾ ਅਤੇ ਇਕ ਸ਼ਮਸ਼ਾਦ-ਕੱਦ ਸੁੰਦਰ ਇਸਤਰੀ ਬਾਹਰ ਆਈ । ਉਹ ਫੈਜ਼ ਸਾਹਿਬ ਨੂੰ ਮਿਲੀ ਤੇ ਅਸੀਂ ਤਿੰਨੇ ਬੈਠਕ ਵਿਚ ਬਹਿ ਗਏ । ਮੈਂ ਇਕੱਲੇ ਬੈਠਿਆਂ ਗੋਲਡ-ਲੀਫ਼ ਦੇ ਦੋ ਸਿਗਰਟ ਫੂਕ ਦਿਤੇ ਤੇ ਉਹ ਦੋਵੇਂ ਆਪਣੀ ਗੱਲੀਂ ਰੁੱਝੇ ਰਹੇ । ਅੰਤ ਫੈਜ਼ ਸਾਹਿਬ ਨੇ ਉਹਨਾਂ ਨਾਲ ਮੇਰੀ ਜਾਣ ਪਛਾਣ ਕਰਾਈ । ਕਹਿਣ ਲਗੇ : ਅਯੂਬ ਮਿਰਜ਼ਾ, ਇਹ ਬੜੇ ਮਾਹਿਰ ਡਾਕਟਰ ਨੇ । ਇਸਤਰੀ ਨੇ ਪੁੱਛਿਆ : ਕੀ ਤੁਸੀਂ ਚਾਹ ਵਿਚ ਖੰਡ ਦਾ ਇਕ ਚਮਚਾ ਲਵੋਗੇ ?

ਚਾਹ, ਜਿਹੜੀ ਨੌਕਰ ਬਾਰਾਂ ਮਿੰਟ ਪਹਿਲਾਂ ਛੱਡ ਗਿਆ ਸੀ ਤੇ ਜੀਹਨੂੰ ਪੀਣ ਦੀ ਕਿਸੇ ਨੂੰ ਹੋਸ਼ ਨਹੀਂ ਸੀ, ਉਹਨੂੰ ਪੀਣ ਦਾ ਅਸੀਂ ਫੈਸਲਾ ਕੀਤਾ ਅਤੇ ਇਕ ਚਮਚਾ ਚੀਨੀ ਤੇ ਸਾਡਾ ਸਮਝੌਤਾ ਹੋ ਗਿਆ । ਚੀਨੀ ਵੀ ਖ਼ਤਰਨਾਕ ਸ਼ੈ ਹੈ। ਇਹਦੇ ਉਤਾਰ, ਚੜਾਓ ਨਾਲ ਹਕੂਮਤਾਂ ਦੇ ਉਤਾਰ-ਚੜਾਓ ਦਾ ਰਿਸ਼ਤਾ ਹੈ । ਇਸ ਚੰਗੀ ਇਸਤਰੀ ਦਾ ਖਾਵੰਦ ਇਕ ਸਥਾਨਕ ਦਫਤਰ ਵਿਚ ਉੱਚ ਅਫਸਰ ਹੈ ਤੇ ਉਹ ਇਸ ਵੇਲੇ ਫਾਇਲਾਂ ਨਾਲ ਇਸ਼ਕ ਕਰ ਰਿਹਾ ਹੈ । ਮੈਂ ਫੈਜ਼ ਸਾਹਿਬ ਤੇ ਸਾਊ ਇਸਤਰੀ ਤੋਂ ਜਾਣ ਲਈ ਆਗਿਆ ਮੰਗੀ । ਫੈਜ਼



ਸਾਹਿਬ ਵੀ ਕਹਿਣ ਲਗੇ ਕਿ ਚੰਗਾ ਭਈ ਅਸੀਂ ਚਲਦੇ ਹਾਂ । ਇਸਤਰੀ ਨੇ ਕਿਹਾ :
"ਹੁਣ ਤੁਸੀਂ ਕਿਥੇ ਚੱਲੇ ਹੋ ? ਚਾਚਾ ਜੀ, ਤੁਸੀਂ ਨਹੀਂ ਜਾ ਸਕਦੇ । ਉਹ ਤੁਹਾਨੂੰ ਮਿਲਕੇ
ਬਹੁਤ ਖ਼ੁਸ਼ ਹੋਣਗੇ ।" ਮੈਂ ਕੂਲੇ ਸੋਫ਼ੇ ਤੋਂ ਉੱਠ ਖੜੋਤਾ ਤੇ ਫੈਜ਼ ਸਾਹਿਬ ਤੋਂ ਆਗਿਆ
ਮੰਗੀ ਤੇ ਆਖਿਆ ਕਿ ਉਹ ਸ਼ਾਮ ਦਾ ਪ੍ਰੋਗਰਾਮ ਦੱਸ ਦੇਣ । ਫੈਜ਼ ਸਾਹਿਬ ਨੇ ਮੈਨੂੰ ਬੈਠ ਕੇ
ਇਕ ਹੋਰ ਸਿਗਰਿਟ ਪੀਣ ਲਈ ਕਿਹਾ ਅਤੇ ਇਸ ਪਿਛੋਂ ਜਾਣ ਵੱਲ ਸੰਕੇਤ ਕੀਤਾ।
ਏਨੇ ਨੂੰ ਘਰ ਵਾਲਾ ਆਦਮੀ ਆ ਗਿਆ— 35 ਕੁ ਵਰ੍ਹਿਆਂ ਦਾ ਹੋਏਗਾ । ਬੜੇ ਨਿੱਘ ਤੇ
ਪਿਆਰ ਨਾਲ ਮਿਲੇ । ਭਾਵੇਂ ਫੈਜ਼ ਸਾਹਿਬ ਕਹਿ ਰਹੇ ਸਨ ਕਿ ਉਹ ਹੁਣ ਵੱਡੇ ਅਫਸਰ
ਬਣ ਗਏ ਹਨ, ਪਰ ਉਹਨਾਂ ਵਿਚ ਅਫਸਰੀ ਦੀ ਬੋ ਨਹੀਂ ਸੀ । ਉਹ ਬਹੁਤ ਖ਼ੁਸ਼ ਸਨ
ਸਨ ਕਿ ਫ਼ੈਜ਼ ਸਾਹਿਬ ਬਿਨਾਂ ਦੱਸਿਆਂ ਇਸ ਤਰਾਂ ਉਹਨਾਂ ਦੇ ਘਰ ਆਏ ਸਨ । ਫੈਜ਼
ਸਾਹਿਬ ਦੀ ਟਹਿਲ ਸੇਵਾ ਹੁੰਦੀ ਵੇਖ ਕੇ ਮੈਨੂੰ ਉਹ ਕਸ਼ਮੀਰੀ ਪੀਰ ਯਾਦ ਆਇਆ ਜਿਹੜਾ
ਸਰਦੀ ਤੋਂ ਤੰਗ ਆ ਕੇ ਸਿਰੀ ਨਗਰ ਤੋਂ ਚਲ ਕੇ ਮੀਰਪੁਰ, ਰਾਜੌਰੀ ਤੇ ਪੋਠੋਹਾਰ ਦੇ
ਮੁਰੀਦਾਂ ਨੂੰ ਖ਼ੁਸ਼ ਕਰਨ ਲਈ ਗਏ ਸਨ । ਘਰ ਵਾਲਾ ਮਿਹਰਬਾਨ ਮੈਨੂੰ ਦੱਸਣ ਲੱਗਾ ਕਿ
ਫੈਜ਼ ਸਾਹਿਬ ਦੇ ਉਹ ਬਹੁਤ ਅਹਿਸਾਨਮੰਦ ਹਨ, ਉਹਨਾਂ ਦੀ ਮਿਹਰਬਾਨੀ ਨਾਲ ਉਹਨਾਂ
ਦੀ ਸ਼ਾਦੀ ਹੋਈ ਤੇ ਅੱਲਾ ਦਾ ਸ਼ੁਕਰ ਹੈ ਕਿ ਉਹਨਾਂ ਦੇ ਦੋ ਬੱਚੇ ਵੀ ਹਨ, ਨੌਕਰੀ ਹੈ,
ਵਾਜਬ ਆਮਦਨੀ, ਬੰਗਲਾ ਤੇ ਕਾਰ ਹੈ । ਮੈਂ ਉਸ ਚੰਗੀ ਇਸਤਰੀ ਦੇ ਬੁਲ੍ਹਾਂ ਤੇ ਮੁਸਕਰਾ-
ਹਟ ਵੇਖੀ ਤੇ ਕਿਹਾ ਕਿ ਉਹ ਬਹੁਤ ਖ਼ੁਸ਼ਹਾਲ ਘਰਾਣਾ ਹੈ । ਫ਼ੈਜ਼ ਸਾਹਿਬ ਉਠੇ ਅਤੇ
ਮੀਜ਼ਬਾਨਾਂ ਦੇ ਬਾਰ ਬਾਰ ਕਹਿਣ ਦੇ ਬਾਵਜੂਦ ਉਥੋਂ ਤੁਰ ਪਏ। ਗੱਡੀ ਵਿਚ
ਬੈਠਦਿਆਂ ਕਹਿਣ ਲਗੇ : ਚਲੋ ਚੰਗਾ ਹੋਇਆ । ਇਹ ਖ਼ੁਸ਼ ਹਨ । ਮੈਂ ਵੇਖ ਰਿਹਾ ਸਾਂ ਕਿ
ਉਹ ਸ਼ਾਦੀਆਂ ਕਰਵਾਉਣ ਦੇ ਮਾਹਰ ਵਾਂਗ ਆਪਣੀ ਸਫਲਤਾ ਤੇ ਖ਼ੁਸ਼ ਸਨ । ਮੈਂ ਉਸ
ਜੋੜੇ ਦੀ ਪ੍ਰਸੰਸਾ ਕੀਤੀ । ਫ਼ੈਜ਼ ਸਾਹਿਬ ਕਹਿਣ ਲੱਗੇ ਕਿ ਉਹਨਾਂ ਦੇ ਜਾਣ ਪਿਛੋਂ ਵੀ
ਇਹਨਾਂ ਨੂੰ ਮਿਲਦੇ ਰਹਿਣਾ । ਉਹਨਾਂ ਇਹ ਵੀ ਦੱਸਿਆ ਕਿ ਉਹਨਾਂ ਦੀ ਸ਼ਾਦੀ ਉਹਨਾਂ
ਕਰਵਾਈ ਸੀ । ਸ਼ਾਦੀ ਤਾਂ ਹੋਣੀ ਹੀ ਸੀ । ਪਰ ਇਹ ਮੁਸ਼ਕਲ ਉਹਨਾਂ ਸੁਲਝਾਈ ਸੀ ।

ਫੈਜ਼ ਸਾਹਿਬ ਨੇ ਇਕ ਹੋਰ ਜੋੜੇ ਦੀ ਖ਼ਬਰ ਸਾਰ ਲੈਣ ਲਈ ਮੈਨੂੰ ਕਿਹਾ । ਮੈਂ ਭਾਵੇਂ
ਸੰਘਰਸ਼ੀ ਮਨੁੱਖਾਂ ਵਿਚੋਂ ਨਹੀਂ ਹਾਂ, ਫਿਰ ਵੀ ਫੈਜ਼ ਸਾਹਿਬ ਨੂੰ ਇਨਕਾਰ ਕਰਨ ਦੀ ਕਿਸ
ਕੋਲ ਤਾਕਤ ਸੀ ?

ਹਾਰਲੇ ਸਟਰੀਟ ਵਿਚ ਇਕ ਕਰਨੈਲ ਦੇ ਘਰ ਪਹੁੰਚੇ। ਇਹ ਵੀ ਰਾਵਲਪਿੰਡੀ
ਸਾਜ਼ਿਸ਼ ਕੇਸ ਵਿਚ ਫ਼ਸ ਕੇ ਫੈਜ ਸਾਹਿਬ ਨਾਲ ਜੇਲ੍ਹ ਵਿਚ ਰਹੇ ਸਨ । ਮੈਂ ਉਹਨਾਂ ਦੀ
ਘੰਟੀ ਵਜਾਈ । ਮੈਨੂੰ ਵੇਖਦਿਆਂ ਹੀ ਬੋਲੇ : " ਉਹ ਵੱਡਾ ਲਾਲ ਬਾਗ਼ੀ ਕਿਥੇ ਹੈ ?" ਫ਼ੈਜ਼
ਸਾਹਿਬ ਸਾਹਮਣੇ ਆਏ ਤੇ ਕਹਿਣ ਲਗੇ : "ਕੀ ਬਕਦਾ ਏਂ ?" ਕਰਨੈਲ ਸਾਹਿਬ ਰਾਹ
ਵਿਚ ਵਿਛ ਗਏ । ਬਹੁਤ ਦੀ ਖੁਸ਼ੀ ਤੇ ਖ਼ਲੂਸ ਨਾਲ ਕਹਿਣ ਲਗੇ : ਰੱਬ ਦੀ ਕਸਮ, ਤੁਸਾਂ
ਦਿਲ ਖ਼ੁਸ਼ ਕਰ ਦਿਤਾ ਏ ।" ਅਸੀਂ ਬੈਠਕ ਵਿਚ ਸੱਜ ਗਏ । ਫ਼ੈਜ ਸਾਹਿਬ ਨੇ ਕੰਧਾਂ,
ਮੇਜ-ਕੁਰਸੀਆਂ, ਦਰੀਆਂ ਤੇ ਸੋਫਿਆਂ ਦਾ ਇਉਂ ਜਾਇਜ਼ਾ ਲਿਆ ਜਿਵੇਂ ਸੂਫੀ ਤਬੱਸਮ
ਕਿਸੇ ਸ਼ਿਅਰ ਦੇ ਗੁਣ ਔਗਣ ਪਰਖ ਰਹੇ ਹੋਣ ਜਾਂ ਕੋਈ ਬਾਪ ਆਪਣੀ ਬੇਟੀ ਦੇ ਸਹੁ-

ਰਿਆਂ ਦੀ ਦੁਨਿਆਵੀ ਤਕੱਲਫਾਂ ਭਰੀ ਹੈਸੀਅਤ ਦਾ ਜਾਇਜ਼ਾ ਲੈ ਰਿਹਾ ਹੋਵੇ ' ਫ਼ੈਜ਼ ਸਾਹਿਬ ਹੌਲੀ ਜਹੀ ਮੈਨੂੰ ਕਹਿਣ ਲੱਗੇ ਕਿ ਇਹ ਲੋਕ ਵੀ ਅਮੀਰ ਮਾਲੂਮ ਹੁੰਦੇ ਨੇ। ਕਰਨੈਲ ਸਾਹਿਬ ਘਰ ਵਿਚ ਇਉਂ ਬੇਚੈਨ ਹੋਏ ਭੱਜੇ ਫਿਰਦੇ ਸਨ ਜਿਵੇਂ ਸਵੇਰੇ 6 ਵਜੇ ਦੀ ਪਰੇਡ ਤੋਂ ਪਹਿਲੋਂ। ਉਸ ਦੀ ਬੇਗ਼ਮ ਆਈ ਅਤੇ ਪੂਰੇ ਸਤਿਕਾਰ ਤੇ ਪਿਆਰ ਨਾਲ ਫ਼ੈਜ਼ ਸਾਹਿਬ ਦੇ ਚਰਨਾਂ ਵਿਚ ਬਹਿ ਗਈ। ਮੈਂ ਸੋਫੇ ਤੇ ਬਹਿ ਗਿਆ। ਕਰਨੈਲ ਸਾਹਿਬ ਸਮਾਰਟ ਹੋਣ ਦੇ ਨਾਲ ਨਾਲ ਖ਼ੂਬਸੂਰਤ ਵੀ ਨੇ। ਉਹਨਾਂ ਦੀ ਘਰ ਵਾਲੀ ਸੁੰਦਰ, ਸਾਫ਼ ਸੁਥਰੀ, ਮਿਠ-ਬੋਲੀ ਤੇ ਸੁਹਜ-ਸੁਆਦ ਵਾਲੀ ਸੀ। ਫ਼ੈਜ਼ ਸਾਹਿਬ ਦੇ ਆਉਣ ਦੀ ਖ਼ੁਸ਼ੀ ਵਿਚ ਉਹ ਏਨੇ ਗੁਆਚ ਗਏ ਕਿ ਕਿਸੇ ਨੂੰ ਚਾਹ ਦੀ ਵੀ ਹੋਸ਼ ਨਾ ਰਹੀ। ਫ਼ੈਜ਼ ਸਾਹਿਬ ਨੇ ਫ਼ਿਰ ਉਸ ਚੰਗੀ ਇਸਤਰੀ ਨਾਲ ਮੇਰੀ ਜਾਣ ਪਛਾਣ ਕਰਵਾਈ (ਇਕ ਡਾਕ-ਟਰ ਵਲੋਂ)। ਉਹਨੇ ਮੈਨੂੰ ਚਾਹ ਵਿਚ ਚੀਨੀ ਦੀ ਮਿਕਦਾਰ ਬਾਰੇ ਪੁੱਛਿਆ। ਚਾਹ ਆ ਗਈ ਤੇ ਕਰਨੈਲ ਸਾਹਿਬ ਨੇ ਲਤੀਫੇ ਸੁਣਾਉਂਦੇ ਸ਼ੁਰੂ ਕੀਤੇ। ਇਸਤਰੀ ਨੇ ਕਿਹਾ: "ਫ਼ੈਜ਼ ਸਾਹਿਬ, ਯਾਦ ਏ ਇਹ ਕਿੰਨੇ ਸ਼ਰਮਾਕਲ ਹੁੰਦੇ ਸਨ (ਸ਼ਾਦੀ ਤੋਂ ਪਹਿਲੋਂ)। ਮੇਰੇ ਵੱਲ ਅੱਖ ਚੁੱਕ ਕੇ ਵੀ ਨਹੀਂ ਵੇਖਦੇ ਸਨ। ਸ਼ਾਦੀ ਤੈ ਹੋਈ ਤਾ ਇਹ ਜੇਲ੍ਹ ਚਲੇ ਗਏ। ਮੇਰੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਏਨਾ ਸ਼ਰਮਾਕਲ ਅਫਸਰ ਜਿਹੜਾ ਮੇਰੀ ਵਲ ਅੱਖ ਚੁੱਕ ਕੇ ਨਹੀਂ ਸੀ ਵੇਖ ਸਕਦਾ, ਉਹ ਕਮਾਂਡਰ ਇਨਚੀਫ ਲਿਅਕਤ ਅਲੀ ਦਾ ਤਖਤਾ ਕਿੰਝ ਉਲਟਾਏਗਾ। ਮੈਂ ਤਾਂ ਉਸੇ ਵੇਲੇ ਸਮਝ ਗਈ ਸੀ ਇਹ ਕੋਈ ਸੜੀ ਸਾਜ਼ਿਸ ਨਹੀਂ ਸਗੋਂ ਕਿਸੇ ਕੁੜੀ ਦਾ ਚੱਕਰ ਹੋਏਗਾ (ਮੇਰੀ ਰਕੀਬ) ਅਤੇ ਉਹਨੇ ਪੁਲੀਸ ਵਾਲਿਆਂ ਨਾਲ ਮਿਲ ਇਹਨਾਂ ਨੂੰ ਜੇਲ੍ਹ ਭਿਜਵਾ ਦਿਤਾ। ਮੈਂ ਵੀ ਫੈਸਲਾ ਕਰ ਲਿਆ ਸੀ ਕਿ ਦੁਨੀਆਂ ਏਧਰ ਦੀ ਉਧਰ ਹੋ ਜਾਏ, ਮੈਂ ਸ਼ਾਦੀ ਇਹਨਾਂ ਨਾਲ ਹੀ ਕਰਨੀ। ਤੇ ਫਿਰ ਫ਼ੈਜ਼ ਸਾਹਿਬ ਤੁਹਾਨੂੰ ਯਾਦ ਹੋਏਗਾ ਇਹ ਮੁਕਰਨ ਲੱਗੇ ਸਨ। ਰੱਬ ਤੁਹਾਡਾ ਭਲਾ ਕਰੇ, ਤੁਸੀਂ ਮੇਰੀ ਸ਼ਾਦੀ ਇਹਨਾਂ ਨਾਲ ਕਰਵਾ ਦਿਤੀ। ਕਸਮ ਰਬ ਦੀ ਜੇ ਏਦਾਂ ਨਾ ਹੁੰਦਾ ਤਾਂ ਇਹ ਕਰਨੈਲ ਸਾਹਿਬ ਬਰਬਾਦ ਹੋ ਗਏ ਹੁੰਦੇ। ਇਹਨਾਂ ਦੇ ਜੇਲ੍ਹੋਂ ਬਾਹਰ ਆਉਣ ਪਿਛੋਂ ਦਿਨ ਤੰਗੀ ਵਿਚ ਗੁਜ਼ਰੇ। ਇਹਨਾਂ ਦੇ ਨਾਮ ਨਾਲ ਕਰਨੈਲ ਤਾਂ ਲਗਾ ਰਹਿ ਗਿਆ, ਪਰ ਕਰ ਕੁਝ ਨਹੀਂ ਸਨ ਸਕਦੇ। ਪਰ ਪਰਵਾਹ ਨਹੀਂ। ਹੁਣ ਰੱਬ ਦੀ ਰਹਿਮਤ ਨਾਲ ਬੱਚੇ ਨੇ, ਚੰਗੀ ਆਮਦਨੀ ਹੈ, ਰੋਜ਼ਗਾਰ ਹੈ, ਕੋਠਾਂ ਹੈ, ਕਾਰ ਹੈ ਤੇ ਤੁਹਾਡੀ ਦੁਆ" ਮੈਂ ਕਿਹਾ ਰੱਬ ਦੀ ਕ੍ਰਿਪਾ ਨਾਲ ਇਹ ਅਮੀਰ ਘਰਾਣਾ ਹੈ। ਕਰਨੈਲ ਸਾਹਿਬ ਦੇ ਲਤੀਫ਼ੇ ਜਾਰੀ ਸਨ। ਉਹਨਾਂ ਦੀ ਬੇਗ਼ਮ ਕਹਿ ਰਹੀ ਸੀ ਕਿ ਜਦੋਂ ਤੋਂ ਸ਼ਾਦੀ ਹੋਈ ਹੈ, ਇਹਨਾਂ ਦੇ ਲਤੀਫ਼ੇ ਬੰਦ ਹੋਣ ਵਿਚ ਹੀ ਨਹੀਂ ਆਉਂਦੇ। ਫ਼ੈਜ਼ ਸਾਹਿਬ ਨੇ ਕਿਹਾ: ਤੁਸੀਂ ਖ਼ੁਸ਼ ਹੋ? ਉਹਨਾਂ ਕਿਹਾ ਹਾਂ ਜੀ, ਬਹੁਤ ਖ਼ੁਸ਼ ਹਾਂ, ਤੁਹਾਡੀਆਂ ਬਖਸ਼ਿਸ਼ਾਂ ਤੇ ਰੱਬ ਦੀਆਂ ਰਹਿਮਤਾਂ ਦੇ ਸਹਾਰੇ। ਫ਼ੈਜ਼ ਸਾਹਿਬ ਨੇ ਕਿਹਾ: ਅਸੀਂ ਹੁਣ ਚਲਦੇ ਹਾਂ। ਸਾਊ ਇਸਤਰੀ ਨੇ ਕਿਹਾ: ਤੁਸੀਂ ਅਜੇ ਨਹੀਂ ਜਾ ਸਕਦੇ, ਚਾਚਾ ਜੀ। ਪਰ ਫ਼ੈਜ਼ ਉਠ ਖੜੋਤੇ ਤੇ ਗੱਡੀ 'ਚ ਬੈਠ-ਦਿਆਂ ਕਹਿਣ ਲਗੇ ਕਿ ਚੰਗਾ ਹੋਇਆ ਇਹ ਵੀ ਖ਼ੁਸ਼ ਨੇ। ਇਹਨਾਂ ਦੀ ਤਾਣੀ ਉਲਝ ਗਈ ਸੀ ਤੇ ਮੈਂ ਸੁਲਝਾ ਦਿਤੀ ਸੀ।



ਉਥੋਂ ਨਿਕਲੇ ਤਾਂ ਫ਼ੈਜ਼ ਸਾਹਿਬ ਹੌਲੀ ਜੇਹੀ ਕਹਿਣ ਲਗੇ ਕਿ ਜ਼ਰਾ ਖੱਬੇ ਮੁੜੋ ਅਤੇ ਕੋਠੀ ਦੇ ਅੰਦਰ ਗੱਡੀ ਲੈ ਜਾਣ ਲਈ ਕਿਹਾ। ਮੈਂ ਕਿਹਾ ਅੱਜ ਜਿਥੇ ਵੀ ਕਹੋ ਲੈ ਚਲਾਂਗਾ। ਮੇਰੇ ਲਈ ਇਹ ਅਨੋਖਾ ਤਜਰਬਾ ਸੀ। ਵਿਆਹਾਂ ਤੋਂ ਪਹਿਲੋਂ ਉਲਝੀਆਂ ਤਾਣੀਆਂ ਨੂੰ ਸੁਲਝਾਉਣ ਲਈ ਜਿਥੇ ਵੱਡੇ ਵੱਡੇ ਉਸਤਾਦ ਲਾਚਾਰ ਹੁੰਦੇ ਸਨ, ਉਥੇ ਫ਼ੈਜ਼ ਸਾਹਿਬ ਵਰਗੇ ਥੋਹੜਾ ਬੋਲਣ ਵਾਲੇ ਤੇ ਅਣਜਾਣ ਲੱਗਣ ਵਾਲੇ ਪੂਰੀ ਸਫਲਤਾ ਪ੍ਰਾਪਤ ਕਰਦੇ ਸਨ। ਇਹ ਮੇਰੇ ਲਈ ਹੈਰਾਨੀ ਭਰਿਆ ਤਜਰਬਾ ਸੀ। ਮੈਂ ਕਦੀ ਫ਼ੈਜ਼ ਸਾਹਿਬ ਵਲ ਵੇਖਦਾ ਸਾਂ ਤੇ ਕਦੀ ਇਸ਼ਕ ਦੇ ਮਾਰੇ ਜੋੜਿਆਂ ਵਲ ਤੇ ਸੋਚਦਾ ਸਾਂ ਕਿ ਜੇ ਫ਼ੈਜ਼ ਸਾਹਿਬ ਦੀ ਇਸ ਖ਼ੂਬੀ ਦੀ ਖ਼ਬਰ ਕਿਤੇ ਛਪ ਜਾਂਦੀ ਤਾਂ ਅਨੇਕ ਲੋਕਾਂ ਦਾ ਭਲਾ ਹੋ ਜਾਣਾ ਸੀ।

ਮੈਂ ਬੰਗਲੇ ਦੇ ਦਰਵਾਜ਼ੇ ਦੀ ਘੰਟੀ ਵਜਾਈ। ਇਕ ਚੌੜੀ ਛਾਤੀ, ਚੌੜੇ ਮੱਥੇ ਵਾਲਾ ਮੁਅਤਬਰ ਜੇਹਾ ਮਨੁੱਖ ਬਾਹਰ ਆਇਆ ਤੇ ਕਹਿਣ ਲਗਾ: ਹੈਲੋ, ਫੈਜ਼ ਭਾਈ, ਤੁਸੀਂ? ਤੁਸੀਂ ਇਤਲਾਹ ਕਿਉਂ ਨਾ ਭਿਜਵਾਈ? ਤਸੀਂ ਆਉਂਦੇ ਹੋ ਤੇ ਬਿਨਾਂ ਮਿਲੇ ਚਲੇ ਜਾਂਦੇ ਹੋ। ਉਹ ਵੀ ਤੁਹਾਡੇ ਨਾਲ ਨਾਰਾਜ਼ ਨੇ ਕਿ ਤੁਸੀਂ ਬੱਚਿਆਂ ਨੂੰ ਮਿਲਨ ਲਈ ਵੀ ਨਹੀਂ ਆਉਂਦੇ।" ਫ਼ੈਜ਼ ਸਾਹਿਬ ਜੁਆਬੀ ਹਮਲੇ ਵਜੋਂ ਕਹਿਣ ਲਗੇ: ਲਓ ਭਈ ਹੁਣ ਤਾਂ ਆ ਗਿਆ ਨਾ? ਮੀਜ਼ਬਾਨ ਨੇ ਸਾਨੂੰ ਅੰਦਰ ਬੁਲਾਇਆ। ਉਹਨਾਂ ਦੀ ਬੇਗ਼ਮ ਵੀ ਆ ਗਈ। ਬੜੇ ਸਤਿ-ਕਾਰ ਨਾਲ ਮਿਲੀ ਤੇ ਗਿਲੇ ਕਰਨ ਲੱਗ ਪਈ। ਫ਼ੈਜ਼ ਸਾਹਿਬ ਮੁਸਕਰਾ ਰਹੇ ਸਨ ਤੇ ਕਹਿ ਰਹੇ ਸਨ: ਭਈ ਤੁਹਾਨੂੰ ਕੌਣ ਭੁੱਲ ਸਕਦਾ ਹੈ। ਬਸ ਆ ਤਾਂ ਗਿਆ ਹਾਂ। ਫਿਰ ਅਚਾਨਕ ਫੈਜ਼ ਸਾਹਿਬ ਨੂੰ ਮੇਰੀ ਹੋਂਦ ਦਾ ਅਹਿਸਾਸ ਹੋਇਆ ਤੇ ਉਹਨਾਂ ਮੇਰੀ ਜਾਣ ਪਛਾਣ ਇਸ ਵੱਡੇ ਅਫਸਰ ਤੇ ਉਹਨਾਂ ਦੀ ਬੇਗ਼ਮ ਨਾਲ ਕਰਵਾਈ। ਬੇਗ਼ਮ ਮੈਨੂੰ ਪੁੱਛਣ ਲੱਗੀ ਕਿ ਚਾਹ ਵਿਚ ਚੀਨੀ ਕਿੰਨੀ ਕੁ ਚਲੇਗੀ। ਇਕ ਚਮਚੇ ਤੇ ਸਮਝੌਤਾ ਹੋ ਗਿਆ। ਘਰ ਵਾਲਾ ਬਾਜ਼ੌਕ ਅਫਸਰ ਕਹਿਣ ਲਗਾ: ਡਾਕਟਰ ਸਾਹਿਬ, ਸੱਚੀ ਗੱਲ ਤਾਂ ਇਹ ਹੈ ਕਿ ਜੇ ਫ਼ੈਜ਼ ਨਾ ਹੁੰਦੇ ਤਾਂ ਅਸਾਂ ਛੜੇ ਹੀ ਰਹਿ ਜਾਣਾ ਸੀ। ਮੈਂ ਪੁੱਛਿਆ ਕਿਵੇਂ? ਹੌਲੀ ਜੇਹੀ ਕਹਿਣ ਲਗਾ ਕਿ ਉਹ ਜ਼ਰਾ ਲੇਟ ਹੋ ਗਿਆ ਸੀ ਤੇ ਉਹਦਾ ਸਵੈ-ਵਿਸ਼ਵਾਸ਼ ਘਟ ਰਿਹਾ ਸੀ। ਉਨ੍ਹਾਂ ਦੀ ਗੱਲ ਸੁਣ ਕੇ ਮੈਨੂੰ ਉਹ ਬੱਚਾ ਯਾਦ ਆ ਗਿਆ ਜਿਹੜਾ ਸਕੂਲੇ ਲੇਟ ਪਹੁੰਚ ਕੇ ਕਲਾਸ ਅੰਦਰੋਂ ਜਾਣੋਂ ਡਰਦਾ ਹੋਵੇ ਕਿ ਸ਼ਾਇਦ ਉਹਦੇ ਨਾਲ ਕੀ ਬੀਤੇ।

—ਫੈਜ਼ ਸਾਹਿਬ ਨੇ ਕਿਸੇ ਮਾਹਰ ਉਸਤਾਦ ਵਾਂਗ ਉਹਦੇ ਅੰਦਰ ਵੜਿਆ ਡਰ ਦਾ ਭੂਤ ਕੱਢ ਦਿੱਤਾ। ਉਹਨਾਂ ਦੀ ਸ਼ਾਦੀ ਕਰਵਾ ਦਿਤੀ ਤੇ ਹੁਣ ਉਹਨਾਂ ਦੀਆਂ ਦੋ ਪਿਆ-ਰੀਆਂ ਬੇਟੀਆਂ ਹਨ। ਬੇਗ਼ਮ ਨੇ ਸ਼ਾਦੀ ਕਰਵਾਉਣ ਲਈ "ਅੰਕਲ ਫੈਜ਼" ਸਹਿਬ ਦਾ ਧੰਨਵਾਦ ਕੀਤਾ। ਫਿਰ ਉਹਨੇ ਜੇਤੂ ਅੰਦਾਜ਼ ਵਿਚ ਬੇਟੀਆਂ ਨੂੰ ਸੱਦ ਕੇ ਫੈਜ਼ ਸਾਹਿਬ ਨੂੰ ਮਿਲਾਇਆ। ਉਹ ਖ਼ੁਸ਼ੀ ਵਿਚ ਫੁੱਲੇ ਨਹੀਂ ਸਨ ਸਮਾਉਂਦੇ। ਫੈਜ਼ ਸਾਹਿਬ ਨੇ ਮੇਜ਼ਬਾਨ ਨੂੰ ਪੁੱਛਿਆ: ਖ਼ੁਸ਼ ਹੋ ਨਾ? ਕਹਿਣ ਲਗੇ: ਅੱਲਾ ਦਾ ਸ਼ੁਕਰ ਹੈ, ਬੀਵੀ ਹੈ, ਬੱਚੇ ਨੇ, ਬੰਗਲਾ ਹੈ, ਨੌਕਰੀ ਹੈ, ਵਾਜਬ ਤਨਖਾਹ ਹੈ, ਕਾਰ ਹੈ। ਮੈਂ ਕਿਹਾ ਅੱਲਾ ਦੀ ਬਖਸ਼ਿਸ਼

ਨਾਲ ਖਾਂਦਾ-ਪੀਂਦਾ ਘਰ ਹੈ। ਫ਼ੈਜ਼ ਸਾਹਿਬ ਨੇ ਜਾਣ ਲਈ ਆਗਿਆ ਮੰਗੀ। ਬੇਗ਼ਮ ਕਹਿਣ ਲਗੀ : ਅੰਕਲ, ਤੁਸੀਂ ਨਹੀਂ ਜਾ ਸਕਦੇ। ਮੀਆਂ-ਬੀਵੀ ਨੇ ਕਾਫ਼ੀ ਪਿਆਰ ਭਰੀ ਜ਼ਿੱਦ ਕੀਤੀ ਪਰ ਫੈਜ ਸਾਹਿਬ (ਆਪਣੀ ਆਦਤ ਦੇ ਵਿਰੁੱਧ) ਜ਼ਿੱਦ ਨੂੰ ਇਕ ਪਾਸੇ ਰੱਖਦਿਆਂ ਹੋਇਆਂ ਉੱਠ ਖੜੇ ਹੋਏ। ਅਸੀਂ ਗੱਡੀ 'ਚ ਬੈਠੇ ਤਾਂ ਫ਼ੈਜ਼ ਸਾਹਿਬ ਕਹਿਣ ਲੱਗੇ : ਚਲੋ ਚੰਗਾ ਹੋਇਆ। ਇਹ ਵੀ ਖੁਸ਼ ਨੇ। ਇਹਨਾਂ ਦੀ ਤਾਣੀ ਵੀ ਉਲਝ ਗਈ ਸੀ ਤੇ ਮੈਂ ਸੁਲਝਾ ਦਿੱਤੀ ਸੀ। ਸ਼ਾਮ ਢੱਲ ਚੁੱਕੀ ਸੀ। ਲੋਕ ਘਰਾਂ ਨੂੰ ਪਰਤ ਰਹੇ ਸਨ। ਸੜਕਾਂ ਤੇ ਬੱਤੀਆਂ ਜਲ ਰਹੀਆਂ ਸਨ। ਪਸੂ-ਪੰਛੀ ਟਿਕਾਣਿਆਂ ਤੇ ਪੁੱਜ ਚੁੱਕੇ ਸਨ। ਕਿਤੇ-ਕਿਤੇ ਕਿਸੇ ਝੀਂਗਰ ਦੀ ਆਵਾਜ਼ ਆ ਰਹੀ ਸੀ। ਫ਼ੈਜ਼ ਸਾਹਿਬ ਦੇ ਕਹਿਣ ਤੇ ਮੈਂ ਗੱਡੀ ਸੱਜੇ ਹੱਥ ਮੋੜ ਲਈ। ਉਹਨਾਂ ਇਕ ਹੋਰ ਘਰ ਵੱਲ ਇਸ਼ਾਰਾ ਕੀਤਾ। ਮੈਂ ਕਿਹਾ : ਫ਼ੈਜ਼ ਸਾਹਿਬ, ਜਾਣ ਦਿਓ ਹੁਣ। ਇਹ ਵੀ ਖੁਸ਼ ਹੀ ਹੋਣਗੇ—ਮੀਆਂ, ਬੀਵੀ, ਕਾਰ, ਨੌਕਰੀ, ਬੰਗਲ , ਬੱਚੇ ਆਦਿ ਸਭ ਖੁਸ਼ ਹੋਣਗੇ। ਖਾਂਦਾ-ਪੀਂਦਾ ਘਰ ਹੋਵੇਗਾ ਤੇ ਫ਼ੈਜ਼ ਸਾਹਿਬ ਯਕੀਨ ਕਰਨਾ ਤੁਹਾਡੇ ਲਾਏ ਹੋਏ ਬੂਟੇ ਕਦੀ ਬਾਂਝ ਨਹੀਂ ਹੋ ਸਕਦੇ। ਪੂਰੀ ਦੇਗ਼ 'ਚੋਂ ਚੌਲਾਂ ਦਾ ਦਾਣਾ ਹੀ ਪਰਖੀਦਾ ਹੈ। ਆਪਾਂ ਤਾਂ ਤਿੰਨ ਘਰ ਘੁੰਮ ਆਏ ਹਾਂ।

ਫ਼ੈਜ਼ ਸਾਹਿਬ ਨੇ ਸਿਗਰਟ ਦਾ ਲੰਮਾ ਸੂਟਾ ਲਿਆ ਤੇ ਸਬਰ ਨਾਲ ਕਹਿਣ ਲੱਗਾ : ਹਾਂ ਭਾਈ, ਤੂੰ ਠੀਕ ਹੀ ਕਹਿਨਾ ਏਂ। ਇਹ ਲੋਕ ਖੁਸ਼ ਨੇ। ਇਹਨਾਂ ਨੂੰ ਖੁਸ਼ ਰਹਿਣ ਦਿਓ। ਗੱਡੀ ਸੱਜੇ ਮੋੜ ਲਓ, ਵਾਪਸ ਪਿੰਡੀ ਕਲੱਬ ਚੱਲਦੇ ਹਾਂ ਤੇ ਇਹਨਾਂ ਸਾਰਿਆਂ ਦੀਆਂ ਖੁਸ਼ੀਆਂ ਦੇ ਨਾਂ ਦਾ ਇਕ ਜਾਮ ਹੋ ਜਾਏ।

ਅਨੁਵਾਦ :—ਨਿਰੰਜਨ ਸਿੰਘ ਨੂਰ ਵੂਲਵਰ ਹੈਂਪਟਨ 'ਯੂ.ਕੇ.'

---

ਮਾਰਕਸਵਾਦੀ ਸੁਹਜ-ਸ਼ਾਸਤਰ

## ਵਿਸ਼ੇਸ਼ ਅੰਕ ਬਾਰੇ ਸੂਚਨਾਂ

ਉਕਤ ਅੰਕ ਦੀ ਯੋਜਨਾਂ ਬਾਰੇ ਵਿਦਵਾਨਾਂ ਪਾਠਕਾਂ ਤੇ ਲੇਖਕਾਂ ਦਾ ਹੁੰਗਾਰਾ ਬਹੁਤ ਉਤਸ਼ਾਹ-ਜਨਕ ਹੈ। ਆਸ ਹੈ ਅਸੀਂ ਮਾਰਕਸਵਾਦੀ ਸਹਿਤ-ਸਾਸ਼ਤਰ ਦੇ ਬਹੁਤ ਸਾਰੇ ਪੱਖਾਂ ਤੇ ਸਮੱਸਿਆਵਾਂ ਨੂੰ ਪੇਸ਼ ਕਰਨ ਦੇ ਕਾਬਿਲ ਹੋਵਾਂਗੇ। ਇਹ ਅੰਕ ਚਿਰਾਗ਼ ਦੇ ਅੰਕ ਨੰ: 10 ਤੋਂ 11 ਤੀਕ ਅਰਥਾਤ ਜਨਵਰੀ 95 ਤੋਂ ਜੂਨ 95 ਤੀਕ ਹੋਵੇਗਾ। ਇਸ ਦੀ ਕੀਮਤ 20/- ਦੇ ਕਰੀਬ ਹੋਵੇਗੀ ਤੇ ਪੰਨੇ 100 ਤੋਂ ਵੱਧ ਹੋਣਗੇ। ਇਸ ਦੀ ਛਪਾਈ ਜਨਵਰੀ 95 ਦੇ ਪਹਿਲੇ ਹਫਤੇ ਆਰੰਭ ਹੋ ਜਾਵੇਗੀ ਤੇ ਇਹ ਮਾਰਚ 95 ਦੇ ਅਖੀਰ ਤੱਕ ਛਪ ਕੇ ਤਿਆਰ ਹੋ ਜਾਵੇਗਾ। ਏਜੰਟ ਸਾਹਿਬਾਨ ਤੇ ਲੇਖਕ ਮਿੱਤਰਾਂ ਨੂੰ ਬੇਨਤੀ ਹੈ ਕਿ ਉਹ ਸਾਨੂੰ ਆਪਣੀ ਲੋੜ ਤੋਂ 31 ਦਸੰਬਰ 94 ਤੀਕ ਜਾਣੂ ਕਰਵਾ ਦੇਣਾ। ਲੇਖਕ ਸਾਥੀਆਂ ਪ੍ਰਤੀ ਸਨਿਮਰ ਬੇਨਤੀ ਹੈ ਕਿ ਆਪਣੇ ਲੇਖ ਹਰ ਹਾਲਤ ਵਿਚ 15 ਦਸੰਬਰ 94 ਤੀਕ ਸਾਨੂੰ ਭੇਜ ਦੇਣ।

ਸੰਪਾਦਕੀ ਮੰਡਲ ਚਿਰਾਗ਼





## ਗ਼ਜ਼ਲ/ਪ੍ਰਕਾਸ਼ ਕੌਰ ਹਮਦਰਦ

ਰਿਸ਼ਤੇ ਨੇ ਏਥੇ ਕਿੱਥੇ ! ਤੁਅਲਕਾਤ ਏਥੇ ਕਿੱਥੇ,
ਅਹਿਸਾਸ ਏਥੇ ਕਿੱਥੇ ! ਜਜਬਾਤ ਏਥੇ ਕਿੱਥੇ।

ਵਾਸਾ ਮਖੌਟਿਆਂ ਦਾ, ਤਹਿਜ਼ੀਬ ਏਥੇ ਸ਼ਹਿਰੀ,
ਉਹ ਸ਼ਖਸ ਆਲੇ-ਭੋਲੇ, ਦੇਹਾਤ ਏਥੇ ਕਿੱਥੇ।

ਜ਼ਰਬੋ-ਜਮਾਂ ਦੀ ਦੁਨੀਆਂ ਤੇ ਕਾਗਜ਼ੀ ਨੇ ਰਿਸ਼ਤੇ,
ਮਨਫ਼ੀ ਅਸੂਾਮ ਹੋਇਐ, ਜਜਬਾਤ ਏਥੇ ਕਿੱਥੇ।

ਤਾਲਾ ਜ਼ਬਾਨ ਨੂੰ ਹੈ ਜੰਜ਼ੀਰ ਚੇਤਨਾ ਨੂੰ,
ਹੁਣ ਤਰਕ ਏਥੇ ਕਿੱਥੇ ! ਖ਼ਿਆਲਤ ਏਥੇ ਕਿੱਥੇ।

ਜੇ ਦੁਸ਼ਮਣੀ ਤੋਂ ਬਚਣੈ, ਤਸਕੀਨ ਨੂੰ ਬਚਾਉਣੈ,
ਹਾਂ ਵਿੱਚ ਮਿਲਾਓ ਹਾਂ ਤੇ ਸਵਾਲਾਤ ਏਥੇ ਕਿੱਥੇ।

ਹਰ ਸੋਚ ਹੈ ਸਿਆਸੀ, ਵਰਤੋ ਤੇ ਛੋੜੋ, ਆਖੇ,
ਏਥੇ ਤਕਾਜ਼ੇ ਕਿੱਥੇ ! ਤੁਅਲਕਾਤ ਏਥੇ ਕਿੱਥੇ।

ਮੁਤਫ਼ਿਕ ਰਹੋ ਹਮੇਸ਼ਾਂ, ਇਤਫ਼ਾਕ ਰੱਖੋ ਹਰਪਲ,
ਉਹ ਤਾਸਰਾਤ ਕਿੱਥੇ ! ਉਹ ਬਾਤ ਏਥੇ ਕਿੱਥੇ।

ਅਜੀਤ ਭਵਨ, ਜਲੰਧਰ

## ਗ਼ਜ਼ਲ/ਭਜਨ ਸਿੰਘ ਵਿਰਕ

ਵਿਹੜਿਆ ਵਿਚ ਰੌਣਕਾਂ ਨਾ ਬਰਕਤਾਂ,
ਪੈਰ ਪੈਰ ਮਜ਼ਬੂਰੀਆਂ ਤੇ ਗਰਦਿਸ਼ਾਂ।

ਬਾਗ ਵਿਚ ਜਦ ਬੈਠ ਗਈਆਂ ਪੱਤਝੜਾਂ,
ਗੀਤ ਗਾਉਣੇ ਕੀ ਕਦੇ ਫ਼ਿਰ ਪੰਛੀਆਂ !

ਕੈਦੀਆਂ ਦੇ ਵਾਂਗ ਏਥੇ ਹਸਰਤਾਂ,
ਫੋਕੀਆਂ ਸੱਭ ਮਸਤੀਆਂ ਤੇ ਮਹਿਫਲਾਂ।

ਹਾਕਮਾਂ ਨੂੰ ਮਿਲ ਗਈ ਖੁੱਲ੍ਹ ਹਰ ਤਰ੍ਹਾਂ,
ਹੋਰਨਾਂ ਦੇ ਵਾਸਤੇ ਨੇ ਬੰਦਸ਼ਾਂ !

ਹਰਕਤਾਂ ਨੇ ਸਾਡੀਆਂ ਬੱਸ ਬਿਜਲੀਆਂ,
ਸਾੜ ਦੇਣਾ ਹੈ ਅਸਾਨੂੰ ਭਾਂਬੜਾਂ।

ਝੂਠ ਨੂੰ ਤਾਂ ਝੂਠ ਕਹਿ ਸਕਦੇ ਨਹੀਂ,
ਜੀਅ ਰਹੇ ਹਾਂ ਜਿਸ ਤਰ੍ਹਾਂ ਨੇ ਪੁਤਲੀਆਂ।

ਕਾਮਿਆਂ ਦਾ ਖ਼ੂਨ ਡੁੱਲ੍ਹੇ ਹਰ ਜਗ੍ਹਾ,
ਯੋਗ ਪਰ ਮਿਲੀਆਂ ਕਦੇ ਨਾ ਉਜਰਤਾਂ।

ਹਰ ਕਿਸੇ ਨੂੰ ਵਹਿਸ਼ਤਾਂ ਨੇ ਘੇਰਿਆਂ,
ਨਾਰੀਆਂ, ਕੀ ਤਿਤਲੀਆਂ, ਕੀ ਕੰਜਕਾਂ।

ਅੰਦਰੋਂ ਉਹ ਪਾਲ੍ਹਦੇ ਨੇ ਦੁਸ਼ਮਣੀ,
ਉਂਝ ਸਾਡੇ ਨਾਲ ਰਖਦੇ ਮਿਲਕਤਾਂ।

ਮੈਂ ਉਨ੍ਹਾਂ ਨੂੰ ਮੰਨ ਲੈਣਾ ਹੈ ਖ਼ੁਦਾ,
ਜੋ ਮਿਟਾਵਣਗੇ ਦਿਲਾਂ 'ਚੋਂ ਦੂਰੀਆਂ।

ਸਿਰੇਜ ਗਈਆਂ ਇਕ ਨਵੇਂ ਇਤਿਹਾਸ ਨੂੰ,
ਕੂੜ ਮੂਹਰੇ ਜੋ ਨਾ ਝੁਕੀਆਂ ਗਰਦਨਾਂ।

ਪਿੰਡ ਤੇ ਡਾਕ : ਵਿਰਕ, ਪਿੰਨ : 144632, ਜ਼ਿਲ੍ਹਾ ਜਲੰਧਰ

## ਗ਼ਜ਼ਲ/ਪਾਲ ਗੁਰਦਾਸਪੁਰੀ

ਸਾਰੇ ਸਾਜ਼ਿਸ਼ ਨੂੰ ਅਜੇ ਸਮਝੇ ਨਹੀਂ,
ਸਮਝ ਵਾਲੇ ਲੋਕ ਸਮਝਾਂਦੇ ਨਹੀਂ।

ਖਾ ਲਈ ਪਤਝੜ ਨੇ ਹਰਿਆਵਲ ਤਮਾਮ,
ਫੇਰ ਵੀ ਕਿਉਂ ਬਿਰਖ ਕੁਝ ਕਰਦੇ ਨਹੀਂ।

ਕਾਤਿਲ ਓਨਾਂ ਦਾ ਕੋਈ ਹੁੰਦੈ ਜ਼ਰੂਰ,
ਖ਼ੁਦਕਸ਼ੀ ਲੋਕੀਂ ਕਦੇ ਕਰਦੇ ਨਹੀਂ।

ਇਕ ਦੀ ਮਜਬੂਰੀ ਹੈ, ਇਕ ਦਾ ਸ਼ੌਕ ਹੈ,
ਦੋਵੇਂ ਆਪਣੇ ਜਿਸਮ ਨੂੰ ਢੱਕਦੇ ਨਹੀਂ।

ਦੇਰ ਦਾ ਤੂਫ਼ਾਨ ਤਾਂ ਰੁਕਿਆ ਪਿਐ,
ਬਿਰਖ ਸਿੱਧੇ ਹਾਲੇ ਵੀ ਹੋਏ ਨਹੀਂ।

ਚਿਹਰਿਆਂ ਨੂੰ ਕਿੰਝ ਪੜ੍ਹੀਏ, ਲੋਕ ਹੁਣ,
ਚਿਹਰਿਆਂ ਤੇ ਸੱਚ ਕੁੱਝ ਲਿਖਦੇ ਨਹੀਂ।

ਏਸ ਬਸਤੀ ਦੇ ਨਿਯਮ ਨੇ ਮੋਮ ਦੇ,
ਪੱਥਰ ਉੱਤੇ ਲੀਕ ਜੋ ਬਣਦੇ ਨਹੀਂ।

ਨਿਊ ਸ਼ਾਸ਼ਤਰੀ ਨਗਰ, ਨੇੜੇ ਬਾਬਾ ਪੀਰ, ਪਠਾਨਕੋਟ



## ਚਾਰ ਕਵਿਤਾਵਾਂ/ਨ੍ਰਿਪਇੰਦਰ-ਰਤਨ

### (1) ਏਕਲਵਿਅ

ਐ ਦ੍ਰੋਣਾਚਾਰਿਆ
ਧਰਮ-ਗੁਰੂ ਯੋਧਾ ਬਲਕਾਰੀ
ਮਹਿਲਾਂ-ਮਾੜੀਆਂ ਦਾ ਮੁਥਾਜ
ਸਮੇਂ-ਸਮਾਜ ਦਾ ਕੈਦੀ
ਹੱਕ-ਸੱਚ ਨੂੰ ਜਾਣ ਕੇ
ਅਣਡਿੱਠਾ ਕਰ ਅਣਗੌਲਿਆ।

ਮੈਂ ਏਕਲਵਿਅ
ਜੰਗਲ ਜੰਮਿਆਂ
ਮਿੱਟੀਆਂ ਪਲਿਆ
ਤੇਰੀ ਗੁਰੂ-ਨਜ਼ਰ ਦਾ ਜਾਚਕ
ਤੈਨੂੰ ਮਿੱਟੀ ਵਿਚੋਂ ਲੱਭਿਆ
ਜਦੋਂ ਕੁਰੂਕਸ਼ੇਤਰ ਹੋਇਆ
ਦੁਰਯੋਧਨ ਤੈਨੂੰ ਅੱਗੇ ਲਾਊ
ਅਰਜਨ ਛਲਨੀ ਕਰਨਾ ਲੋਚੂ
ਧਰਮ-ਪੁੱਤਰ ਵੀ ਛਲ ਕਮਾਊ।

ਤੂੰ ਬੁਲਾਈਂ
ਮੈਂ ਸਰਪੱਟ ਆਵਾਂ
ਅੰਗੂਠਾ ਨਹੀਂ
ਕੁੱਲ ਜਿੰਦ ਚੜ੍ਹਾਵਾਂ
ਮੈਂ
ਰਾਜਕੁੱਲ ਦਾ ਰਾਜਪੁੱਤਰ ਨਹੀਂ
ਧਰਤ ਦਾ ਮਿੱਟੀ ਦਾ ਬੇਟਾ
ਬੱਸ ਇਕੋ
ਏਕਲਵਿਅ ਹਾਂ ਤੇਰਾ।

### (2) ਹੋਸ਼ ਕਰੋ

ਜਿਸਨੇ ਖ਼ੂਨੀ ਕਰ ਦਿੱਤੀ ਹੈ ਉਹ ਸ਼ਮਸ਼ੀਰ
ਦਿੱਤੀ ਸੀ ਜੋ ਮੁਰਸ਼ਦ ਨੇ ਮਜ਼ਲੂਮਾਂ ਲਈ ?
ਕਿਸਨੇ ਘੋਲੀ ਜ਼ਹਿਰ ਉਸ ਮਿਠਾਸ ਵਿਚ
ਲੈਂਦੇ ਸਨ ਜੋ ਸਾਰੇ ਅੰਮ੍ਰਿਤ ਜਾਣਕੇ ?

ਕਿਥੇ ਗਿਆ ਬਿਬੇਕ ਗਾਤਰਾ ਧਾਰਨ ਦਾ
ਜੋ ਬਣਿਆ ਹੈ ਬਿੰਬ ਹੁਣ ਬੱਸ ਦਹਿਸ਼ਤ ਦਾ
ਕੌਣ ਕਹੇਗਾ "ਸੰਤ ਸਿਪਾਹੀ" ਹੁਣ ਉਸ ਨੂੰ
ਧਾਰ ਲਿਆ ਜਿਸ ਰੂਪ ਖੂਨੀ ਵਹਿਸ਼ਤ ਦਾ ?

ਚਾਰੋਂ ਕੂੰਟਾਂ ਵਿਚ ਜੋ ਸਰਦਾਰੀ ਸੀ
ਕਿਸਨੇ ਰੋਲੀ ਆਪਣੇ ਹੱਥੀਂ ਪੈਰਾਂ ਵਿਚ ?
ਹਰ ਪਾਸੇ ਸਿਰ ਉਚੇ ਕਰ ਤੁਰਦੇ ਸਨ
ਅੱਖ ਚੁੱਕਣ ਨਾ ਜੋਗੇ ਉਹ ਹੁਣ ਗੈਰਾਂ ਵਿਚ ।

ਕੀ ਦੱਸਣਗੇ ਕੱਲ ਦੇ ਚੜ੍ਹਦੇ ਸੂਰਜ ਨੂੰ
ਵੰਡਦੇ ਫਿਰਨ ਚੁਫ਼ੇਰੇ ਸਿਰਫ ਹਨੇਰੇ ਜੋ
ਚੁਗਣੀਆਂ ਪੈਣ ਨਾ ਸੂਲਾਂ ਕਿਧਰੇ ਪਲਕਾਂ ਨਾਲ
ਜੇ ਨਾ ਰੋਕੇ ਹੱਥ ਉਹ ਪਾਣ ਖਲੇਰੇ ਜੋ ।

ਸੰਭਲੋ ਹੋਸ਼ ਕਰੋ ਵਕਤ ਅਜੇ ਵੀ ਹੈ
ਹੋ ਨਾ ਜਾਏ ਫੇਰ ਅਮੁੜਵੀਂ ਦੇਰ ਕਿਤੇ
ਸਾਂਭੋ ਰੁਲਦਾ ਖ਼ੂਨ ਅਜਾਈਂ ਵਗਦਾ ਜੋ
ਪੈ ਨਾ ਜਾਏ ਫੇਰ ਕਾਲ-ਹਨੇਰ ਕਿਤੇ।

ਜੋ ਬਚਿਆ ਹੈ ਸਾਂਭੋ ਫੇਰ ਵੀ ਉਭਰੇਗਾ
ਸੂਰਜ ਇਜ਼ਤਾਂ ਵਾਲਾ ਐਸੀ ਗਾਰ ਵਿਚੋਂ
ਪਰ ਜੇ ਢੰਗ ਬੇ-ਢੰਗ ਇੰਜ ਦੇ ਇੰਜ ਰਹੇ
ਮਿਟ ਜਾਵੇਗਾ ਨਾਮ ਵਕਤ-ਕਿਤਾਬ ਵਿਚੋਂ ।

## (3) ਦੇਸ਼ ਪ੍ਰੇਮ

ਉਹ ਦੇਸ਼ ਨਹੀਂ
ਉਹ ਕਾਲ ਨਹੀਂ
ਸਚਾਈ ਸੰਜਮ
ਤਿਆਗ ਬਲਿਦਾਨ
ਦੇਸ਼ ਭਗਤੀ ਦੇ
ਥੰਮ੍ਹ ਹੁੰਦੇ ਸਨ ।



ਬਾਪੂ ਦੇ ਬਾਂਦਰ
ਬਣ ਜਾਓ
ਸਭ ਕੁਝ ਦੇਖੋ
ਸਭ ਕੁਝ ਸੁਣੋ
ਜੋ ਕੁਝ ਹੋਵੇ
ਸਭ ਕੁਝ ਜਰੋ
ਬੱਸ ਆਪਣਾ
ਮੂੰਹ ਨਾ ਖੋਲ੍ਹੋ ।

ਜੋ ਬੋਲੇ ਸੋ ਗੱਦਾਰ
ਦੇਸ਼ ਪ੍ਰੇਮ ਦੇ ਇਹੋ ਮਿਆਰ ।

## (4) ਹੈਮਰ-ਮਿੱਲ

ਹੈਮਰ-ਮਿੱਲ ਹੇਠ ਫ਼ਸੇ ਹੋਏ ਵਾਂਗ
ਫਿਰ ਫਿਰ ਸਹਿੰਦਾ ਸੱਟਾਂ
ਇਕ ਤੋਂ ਦੂਜੀ ਤੱਕ ਦਾ ਵਕਫ਼ਾ
ਕੀ ਜਾਣੇ ਕਿੰਜ ਕੱਟਾਂ ?

ਚੱਕੀ-ਪੁੜ ਫਿਰ ਫਸਿਆ ਦਾਣਾ
ਕੋਈ ਪਿਸਦਾ ਕੋਈ ਬਚਦਾ
ਮੌਤ-ਹਥੌੜਾ ਜਿੱਥੇ ਵੱਜਦਾ
ਕੁਝ ਨਹੀਂ ਰਹਿੰਦਾ ਕੱਚ ਦਾ ।

ਚੇਹਰਾ ਦੇਖ ਕੇ ਲੋਕੀਂ ਜਾਨਣ
ਹਾਸੇ ਮੇਲੇ ਖੇੜੇ
ਅੰਦਰੋਂ ਅੰਦਰ ਕੀ ਕੀ ਟੁੱਟਦਾ
ਨਾ ਬੁੱਝਦੇ ਨਾ ਦੱਸਦਾ ।

ਸਾਹ ਆਵੇ ਜਾਂ ਬਾਹਰ ਜ਼ਾਵੇ
ਲੂੰ ਲੂੰ ਲਾਂਬੂ ਮੱਚਦੇ
ਧੂੰਆਂ ਦਿਲ ਦਾ ਐਸਾ ਧੁਖਿਆ
ਨਾ ਬੁੱਝਦਾ ਨਾ ਬਲਦਾ ।

—o—

ਕਹਾਣੀ

## ਗਿੱਲੀ ਮਿੱਟੀ ਦੇ ਖਿਡੌਣੇ

—ਧਰਮਪਾਲ ਸਾਹਿਲ

ਹਫਤੇ ਭਰ 'ਚ ਹੀ ਅਮਰ ਦਾ ਦਿਲ ਉਸ ਪਿੰਡ 'ਚੋਂ ਚੱਕਿਆ ਗਿਆ ਸੀ। ਇਹ ਪਿੰਡ ਪੰਜਾਬ ਤੇ ਹਿਮਾਚਲ ਦੇ ਬਾਰਡਰ ਤੇ ਸਥਿਤ ਸੀ, ਜਿੱਥੇ ਉਸ ਦੀ ਮਾਸਟਰ ਵਜੋਂ ਪਹਿਲੀ ਨਿਯੁਕਤੀ ਹੋਈ ਸੀ। ਵੱਡੇ ਸ਼ਹਿਰ 'ਚੋਂ ਇਸ ਇਕਦਮ ਪਹਾੜੀ ਪੇਂਡੂ ਮਾਹੌਲ ਵਿਚ ਉਹ ਆਪਣੇ ਆਪ ਨੂੰ ਜਿਵੇਂ ਕਿਸੇ ਕੈਦ ਵਿਚ ਅਨੁਭਵ ਕਰ ਰਿਹਾ ਸੀ। ਰੋਟੀ ਲਈ ਹੱਥ ਆਪ ਸਾੜਨੇ ਪੈ ਰਹੇ ਸਨ। ਡਾਕ ਹਫਤੇ 'ਚ ਇਕ ਅੱਧੀ ਵਾਰੀ ਹੀ ਆਉਂਦੀ। ਸੱਤ-ਅੱਠ ਕਿਲੋਮੀਟਰ ਖੱਡ ਪੈਦਲ ਗਾਹ ਕੇ ਕਿਧਰੇ ਸੜਕ ਆਉਂਦੀ, ਜਿੱਥੋਂ ਉਹ ਸ਼ਹਿਰ ਜਾਣ ਲਈ ਬੱਸ ਫੜਦੇ। ਸ਼ਹਿਰ ਵਿਚ ਜੰਮਿਆ-ਪਲਿਆ ਅਮਰ ਅਨਭਵ ਕਰ ਰਿਹਾ ਸੀ ਕਿ ਉਹ ਆਪਣੇ ਆਪਨੂੰ ਇਸ ਮਾਹੌਲ ਮੁਤਾਬਕ ਢਾਲ ਨਹੀਂ ਸਕੇਗਾ। ਇਸ ਲਈ ਉਸਨੇ ਸ਼ਹਿਰ ਵਿਚ ਰਹਿੰਦੇ ਆਪਣੇ ਪਿਤਾ ਜੀ ਨੂੰ ਪੱਤਰ ਲਿਖਿਆ ਕਿ ਇਸ ਪਛੜੇ ਹੋਏ ਪਿੰਡ ਵਿਚ ਮੇਰਾ ਮਨ ਬਿਲਕੁਲ ਨਹੀਂ ਲਗ ਰਿਹਾ। ਮੈਂ ਇੱਥੇ ਇਕ ਘੜੀ ਵੀ ਠਹਿਰਨਾ ਨਹੀਂ ਚਾਹੁੰਦਾ। ਤੁਸੀਂ ਕਿਸੇ ਵੀ ਢੰਗ ਨਾਲ ਇਸ ਕਾਲੇ ਪਾਣੀ ਤੋਂ ਮੇਰੀ ਬਦਲੀ ਤੁਰੰਤ ਕਰਾਉਣ ਦੀ ਕੋਸ਼ਿਸ਼ ਕਰੋ, ਨਹੀਂ ਤਾਂ ਮੈਂ ਇਹ ਨੌਕਰੀ ਛੱਡਕੇ ਵਾਪਿਸ ਸ਼ਹਿਰ ਆ ਜਾਣਾ ਏ...... ।

ਚਿੱਠੀ ਲਿਖ ਕੇ ਅਮਰ ਚੁਬਾਰੇ ਤੋਂ ਉਤਰਿਆ ਤੇ ਡਾਕੀਏ ਰਾਮ ਆਸਰੇ ਦੇ ਘਰ ਵੱਲ ਚਲ ਪਿਆ। ਪਿੰਡ ਵਿਚ ਡਾਕਖਾਨਾ ਨਹੀਂ ਸੀ। ਰਾਮ ਆਸਰਾ ਹੀ ਡਾਕ ਵੰਡਦਾ ਤੇ ਉਹੀ ਪਿੰਡ ਦੀ ਡਾਕ ਦੂਸਰੇ ਪਿੰਡ ਦੇ ਡਾਕਖਾਨੇ ਪੁਜਾਉਂਦਾ ਸੀ। ਉਸ ਦਾ ਘਰ ਦੂਸਰੇ ਟਿੱਬੇ ਵਾਲੇ ਮੁਹੱਲੇ ਵਿਚ ਸੀ। ਰਸਤਾ ਦੋ ਪਹਾੜੀਆਂ ਵਿਚਲੀ ਖੱਡ 'ਚੋਂ ਹੁੰਦਾ ਹੋਇਆ ਟਿੱਬੇ ਵੱਲ ਨੂੰ ਜਾਂਦਾ ਸ਼ੀ। ਖੱਡ ਲੰਘ ਕੇ ਜਦੋਂ ਉਹ ਚੜਾਈ ਚੜ੍ਹਕੇ ਟਿੱਬੇ ਦੀ ਟੀਸੀ ਤੇ ਪੁੱਜਾ, ਸਾਹੋ-ਸਾਹੀ ਹੋਏ ਨੇ ਉਥੇ ਖੜ ਕੇ ਚਾਰੇ-ਪਾਸੇ ਨਜ਼ਰ ਦੁੜਾਈ ਤਾਂ ਉਸਨੂੰ ਦੂਰ-ਦੂਰ ਵੱਖੋ-ਵੱਖਰੇ ਟਿੱਲਿਆਂ ਤੇ ਖੜ੍ਹੇ, ਟੀਨ ਜਾਂ ਸਲੇਟਾਂ ਦੀਆਂ ਛੱਤਾਂ ਵਾਲੇ ਘਰ ਨਜ਼ਰੀਂ ਪਏ। ਗਰੂ ਨੇ, ਮੂਲੇ ਤੇ ਕਾਂਗੂਆਂ ਦੀਆਂ ਹਰੀਆਂ ਝਾੜੀਆਂ ਨਾਲ ਢੱਕੀਆਂ ਉਚੀਆਂ ਨੀਵੀਆਂ ਪਹਾੜੀਆਂ। ਢਲਾਣ ਤੇ ਪੌੜੀਆਂ ਵਰਗੇ ਖੇਤ। ਜਿਹਨਾਂ ਵਿਚ ਪੀਲੀ-ਪੀਲੀ ਸਰ੍ਹੋਂ ਖਿੜੀ ਹੋਈ ਸੀ। ਵਿਚਕਾਰ ਕਿਧਰੇ-ਕਿਧਰੇ ਹਰੇ ਭਰੇ ਉੱਚੇ ਚੀਲਾਂ ਦੇ ਦਰੱਖਤ, ਜਿਹਨਾਂ 'ਚੋਂ ਸਾਂਅ-ਸਾਂਅ ਕਰਦੀ ਵਗਦੀ ਠੰਡੀ ਹਵਾ। ਸੱਪ ਵਾਂਗ ਪਹਾੜੀ ਵਲਵਿੰਗ। ਸੰਨਾਟਾ ਤੋੜਦੀ, ਕਲੋਲ ਕਰਦੇ ਪੰਛੀਆਂ ਦੀਆਂ ਮਨਮੋਹਕ ਆਵਾਜਾਂ। ਇਕ ਇੰਚ ਥਾਂ ਵੀ ਪੱਧਰੀ ਨਹੀਂ ਸੀ। ਪਿੰਡ ਦੇ ਸਾਰੇ ਘਰ ਇਕੱਠੇ ਨਹੀਂ ਸਨ। ਕੱਚੀਆਂ ਇੱਟਾਂ ਜਾਂ ਪੱਥਰਾਂ ਦੇ ਬਣੇ ਤਿਕੋਣੀਆਂ ਛੱਤਾਂ ਵਾਲੇ ਸਨ।

ਪਿਛਲੇ ਤਿੰਨ ਚਾਰ ਦਿਨਾਂ ਤੋਂ ਸੂਰਜ ਦੇ ਦਰਸ਼ਨ ਨਹੀਂ ਸਨ ਹੋਏ। ਸਵੇਰ ਤੋਂ ਹੀ ਹਲਕੀ ਬੂੰਦਾ-ਬਾਂਦੀ ਹੁੰਦੀ ਪਈ ਸੀ। ਠੰਡੀ ਹਵਾ ਨਸ਼ਤਰ ਵਾਂਗੂ ਖੁਭਦੀ ਸੀ। ਬੱਦਲ



ਨੀਵੇਂ ਤੇ ਸੰਘਣੇ ਹੋਣ ਕਾਰਨ ਰੋਸ਼ਨੀ ਵੀ ਘਟ ਸੀ। ਪੱਤਰ ਡਾਕੀਏ ਨੂੰ ਦੇ ਕੇ ਅਮਰ ਤੇਜ਼ ਕਦਮੀਂ ਪਰਤ ਰਿਹਾ ਸੀ। ਬੂੰਦਾ-ਬਾਂਦੀ ਤੇਜ਼ ਹੋ ਗਈ ਸੀ। ਤੇਜ਼ ਵਾਛੜ ਤੋਂ ਬਚਣ ਖ਼ਾਤਿਰ ਉਹ ਕੰਡਿਆਲੀ ਝਾੜੀਆਂ ਵਾਲੀ ਪਤਲੀ ਪਗਡੰਡੀ 'ਚੋਂ ਲੰਘ ਕੇ ਉਸੇ ਮੁਹੱਲੇ ਦੇ ਖੰਡਰ ਵਰਗੇ ਮਕਾਨ ਦੇ ਵਰਾਂਡੇ ਜਾ ਖੜਾ ਹੋਇਆ। ਵਰਾਂਡੇ 'ਚ ਪਹਿਲੋਂ ਹੀ ਕਾਫੀ ਲੋਕ ਬੈਠੇ ਹੋਏ ਸਨ। ਅਮਰ ਨੂੰ ਪਛਾਣਦਿਆਂ ਹੀ ਇਕ ਮਾੜਕੂ ਜਿਹੇ ਮੁੰਡੇ ਨੇ ਅਮਰ ਦੇ ਪੈਰੀਂ ਹੱਥ ਲਾਇਆ ਅਤੇ ਉਸ ਦੇ ਬੈਠਣ ਲਈ ਮੰਜਾ ਡਾਹ ਦਿੱਤਾ। ਫਿਰ ਉਹੀ ਮੁੰਡਾ ਉਸ ਨੂੰ ਇਕ ਪਾਟਾ ਜਿਹਾ ਤੌਲੀਆ ਫੜਾ ਗਿਆ। ਜਿਸ 'ਚੋਂ ਬੰਦੇ ਦੀ ਮੁਸ਼ਕ ਆਉਂਦੀ ਸੀ। ਨਾ ਚਾਹੁੰਦਿਆਂ ਵੀ ਅਮਰ ਨੇ ਉਸ ਨਾਲ ਭਿੱਜੇ ਸਿਰ-ਮੂੰਹ ਤੇ ਹੱਥ-ਪੈਰ ਪੂੰਝ ਲਏ ਵਰਾਂਡੇ ਤੇ ਖੜ੍ਹ ਪਈ ਹੋਈ ਸੀ। ਕਾਨ੍ਹਿਆਂ ਵਿਚੋਂ ਦੀ ਪਾਣੀ ਥਾਂ-ਥਾਂ ਤੋਂ ਚੋਅ ਰਿਹਾ ਸੀ ਤੇ ਕੱਚੇ ਫਰਸ਼ ਤੇ ਨਿੱਕੇ-ਨਿੱਕੇ ਟੋਏ ਪਾ ਰਿਹਾ ਸੀ। ਉੱਚੀ ਥਾਂ ਹੋਣ ਕਰਕੇ ਹਵਾ ਵੀ ਤੇਜ਼ ਵਗ ਰਹੀ ਸੀ। ਉਸਨੂੰ ਵੇਖਕੇ ਵਰਾਂਡੇ 'ਚ ਬੈਠੇ ਹੋਰ ਆਦਮੀਆਂ ਵਿਚਕਾਰ ਖੁਸਰ-ਮੁਸਰ ਸ਼ੁਰੂ ਹੋ ਗਈ ਸੀ। ਉਹੀ ਮੁੰਡਾ ਫਿਰ ਆਇਆ ਤੇ ਪਿੱਤਲ ਦੇ ਗਲਾਸ ਵਿਚ ਚਾਹ ਫੜਾ ਗਿਆ। ਅਮਰ ਗਰਮ ਗਿਲਾਸ ਨੂੰ ਦੋਹਾਂ ਹੱਥਾਂ 'ਚ ਘੁੱਟ ਕੇ ਚੁਸਕੀਆਂ ਲੈਣ ਲੱਗ ਪਿਆ। ਇਸ ਤਰਾਂ ਉਹ ਨਾਲੇ ਹੱਥ ਨਿੱਘੇ ਕਰ ਰਿਹਾ ਸੀ ਨਾਲੇ ਪੈਦਲ ਚਲਣ ਕਾਰਣ ਚਮਕ ਆਈ ਭੁੱਖ ਨੂੰ ਸ਼ਾਂਤ ਕਰ ਰਿਹਾ ਸੀ। ਗੁੜ ਦੀ ਚਾਹ ਨਾਲ ਉਸਨੂੰ ਸਖਤ ਨਫ਼ਰਤ ਸੀ। ਪਰ ਉਸ ਸਮੇਂ ਉਸਨੂੰ ਗੁੜ ਵਾਲੀ ਚਾਹ ਵੀ ਸੰਜੀਵਨੀ ਬੂਟੀ ਲਗ ਰਹੀ ਸੀ। ਉਸ ਦੇ ਚਾਹ ਪੀਂਦਿਆਂ-ਪੀਂਦਿਆਂ ਵਰਾਂਡੇ 'ਚ ਹੋਰ ਕਈ ਔਰਤਾਂ ਤੇ ਬੱਚੇ ਆ ਕੇ ਬੈਠ ਗਏ ਸਨ। ਚਾਹ ਦਾ ਖਾਲੀ ਗਿਲਾਸ ਮੰਜੇ ਹੇਠਾਂ ਰਖਦਿਆਂ ਉਹ ਜਾਣ ਬਾਰੇ ਸੋਚ ਹੀ ਰਿਹਾ ਸੀ ਕਿ ਉਸਦੀ ਨਜ਼ਰ ਉਹਨਾਂ ਆਦਮੀਆਂ-ਔਰਤਾਂ ਵਿਚਕਾਰ ਗੰਢ ਬਣਕੇ ਬੈਠੀ ਇਕ ਮੁਟਿਆਰ ਤੇ ਪਈ। ਇਨੇ ਨੂੰ ਇਕ ਅਧਖੜ ਜਿਹੇ ਬੰਦੇ ਨੇ ਵਰਾਂਡੇ 'ਚ ਪੈਰ ਧਰਿਆ। ਉਸਨੂੰ ਵੇਖਦਿਆਂ ਸਾਰ ਹੀ ਸਾਰਿਆਂ ਨੇ ਹੱਥ ਜੋੜ ਕੇ ਫਤਿਹ ਬੁਲਾਈ।

ਨੇੜੇ ਖੜੋਤੇ ਇਕ ਮੁੰਡੂ ਨੂੰ ਉਸ ਆਦਮੀ ਵਾਰੇ ਪੁੱਛਿਆ ਤਾਂ ਉਸਨੇ ਦੱਸਿਆ— "ਮਾਸਟਰ ਜੀ ਇਹ ਭੈਰੂ ਬਾਬਾ ਏ। ਫਾਂਡੇ ਕਰਦਾ ਏ। ਭੂਤ ਕੱਢਦਾ ਨਾਲੇ ਡੌਣਾ ਭਜਾਂਦਾ ਏ।" ਭੈਰੂ ਨੇ ਚਾਰਖਾਨੇ ਡੱਬੀਆਂ ਵਾਲੇ ਕੰਬਲ ਦੀ ਬੁੱਕਲ ਮਾਰੀ ਹੋਈ ਸੀ। ਕੱਦ ਮਧਰਾ ਤੇ ਇਕਹਿਰਾ ਸਰੀਰ। ਉਸਨੇ ਕੰਬਲ ਦੀ ਬੁੱਕਲ 'ਚੋਂ ਬੇਲ-ਬੂਟਿਆਂ ਦੀ ਕਢਾਈ ਕੀਤਾ ਇਕ ਥੈਲਾ ਕੱਢ ਕੇ ਜ਼ਮੀਨ ਤੇ ਰੱਖਿਆ ਤੇ ਆਪ ਉਸ ਮੁਟਿਆਰ ਸਾਹਮਣੇ ਪੀੜ੍ਹੇ ਤੇ ਬੈਠਦਿਆਂ ਉਸਨੇ ਬਨ੍ਹਾ (ਬੂਟੀ) ਲਿਆਉਣ ਦਾ ਹੁਕਮ ਸੁਣਾਇਆ। ਘੁੰਡ ਕੱਢੇ ਹੋਏ ਇਕ ਮਧਰੀ ਜਿਹੀ ਔਰਤ ਆਈ ਤੇ ਇਕ ਕੜਛੀ ਵਿਚ ਮਘਦੇ ਹੋਏ ਅੰਗਿਆਰ ਰੱਖ ਗਈ। ਭੈਰੂ ਨੇ ਥੈਲੇ 'ਚੋਂ ਇਕ ਪੁੜੀ 'ਚੋਂ ਧੂਫ ਵਰਗਾ ਕੁਝ ਕੱਢਿਆ ਤੇ ਅੰਗਿਆਰਿਆਂ ਤੇ ਬਰੂਰ ਦਿਤਾ। ਫਿਰ ਹੱਥ ਹਲਾ ਕੇ ਰਣਾ ਕਰਨ ਲੱਗਾ। ਪਲਾਂ 'ਚ ਹੀ ਵਾਤਾਵਰਣ ਗੁੱਗਲ ਦੀ ਮਾਦਕ ਜਿਹੀ ਮਹਿਕ ਨਾਲ ਭਰ ਗਿਆ। ਇਕ ਮੁੰਡਾ ਬਨ੍ਹਾ ਲੈ ਆਇਆ। ਅਮਰ ਨੇ ਫਿਰ ਉਸ ਮੁੰਡੇ ਨੂੰ ਉਸ ਕੁੜੀ ਬਾਰੇ ਪੁੱਛਿਆ ਤਾਂ ਉਹ ਬੋਲਿਆ, "ਮਾਸਟਰ ਜੀ

ਇਹ ਸ਼ੈਲ ਏ। ਇਸ ਨੂੰ ਭੂਤ ਚੰਬੜ ਗਿਆ, ਹੁਣ ਭੈਰੂ ਬਾਬਾ ਨੇ ਭੂਤ ਕੱਢਣਾ, ਸਾਰਿਆਂ ਸਾਹਮਣੇ।" ਅਮਰ ਨੇ ਫਿਰ ਪੁੱਛਿਆ, ਇਹ ਘੁੰਡ ਵਾਲੀ ਔਰਤ ਕੌਣ ਏ ?"

"ਇਹ ਮਾਸਟਰ ਜੀ, ਸ਼ੈਲ ਦੀ ਮਾਂ।"

ਭੈਰੂ ਪੀੜ੍ਹਾ ਖਿਸਕਾ ਕੇ ਸ਼ੈਲ ਨੇੜੇ ਹੋ ਗਿਆ। ਗੁਗਲ ਵਾਲੀ ਕੜਛੀ ਵੀ ਸ਼ੈਲ ਨੇੜੇ ਕਰਤੀ। ਹੁਣ ਕੜਛੀ 'ਚੋਂ ਉੱਠਦਾ ਧੂੰਆਂ ਸ਼ੈਲ ਵੱਲ ਨੂੰ ਜਾ ਰਿਹਾ ਸੀ। ਭੈਰੂ ਨੇ ਮੰਤਰ ਜਿਹਾ ਬੁੜਬੁੜਾਉਂਦਿਆਂ ਬਨ੍ਹੇ ਦੀ ਡਾਲੀ ਸ਼ੈਲ ਦੇ ਸਿਰ ਤੋਂ ਪੈਰਾਂ ਤਾਈਂ ਛੁਹਾ ਕੇ ਕੱਚੇ ਫਰਸ਼ ਤੇ ਪੂਰੇ ਜ਼ੋਰ ਨਾਲ ਪਟਕ ਦਿੱਤੀ। ਉਸ ਨੇ ਇੰਜ ਕਈ ਵਾਰੀ ਕੀਤਾ। ਮੀਂਹ ਰੁਕ ਗਿਆ ਸੀ, ਅਮਰ ਜਾਣਾ ਚਾਹੁੰਦਾ ਸੀ ਪਰ ਭੂਤ ਕੱਢਣ ਦਾ ਨਜ਼ਾਰਾ ਉਹ ਪਹਿਲੀ ਵਾਰ ਵੇਖ ਰਿਹਾ ਸੀ। ਇਸ ਉਤਸੁਕਤਾ ਕਾਰਨ ਉਹ ਨਾ ਚਾਹੁੰਦਿਆਂ ਹੋਇਆਂ ਵੀ ਬੈਠਿਆ ਰਿਹਾ। ਜ਼ੋਰ-ਜ਼ੋਰ ਨਾਲ ਮੰਤਰ ਬੋਲਦਿਆਂ ਭੈਰੂ ਨੇ ਅੱਠ-ਦੱਸ ਵਾਰੀ ਬਨ੍ਹੇ ਦੀ ਡਾਲੀ ਜ਼ਮੀਨ ਤੇ ਪਟਕ ਕੇ ਇਕ ਪਾਸੇ ਵਗਾਹ ਮਾਰੀ। ਉਸ ਦਾ ਝੁਰੜੀਆਂ ਭਰਿਆ ਚਿਹਰਾ ਹੋਰ ਸਖ਼ਤ ਹੋ ਗਿਆ। ਅੱਖਾਂ ਵਿਚ ਜੇਠ ਦੀ ਸਿਖਰ ਦੁਪਹਿਰ ਦੇ ਸੂਰਜ ਵਰਗੀ ਤਪਸ਼ ਤੇ ਲਾਲਗੀ ਆਈ ਸੀ। ਉਸ ਨੇ ਬੁੜਬੁੜਾਉਣਾ ਬੰਦ ਕਰਕੇ ਪਾਟੇ ਵੰਝ ਵਰਗੀ ਆਵਾਜ਼ ਵਿਚ ਕਿਹਾ, "ਚੰਗਾ, ਫਿਰ ਤੂੰ ਸਿੱਧੇ ਰਸਤੇ ਨਹੀਂ ਪੈਣਾ ?" ਕਹਿੰਦਿਆਂ ਉਸ ਨੇ ਸ਼ੈਲ ਦੇ ਸਿਰ ਨੂੰ ਗੁੱਤੋਂ ਫੜ ਲਿਆ ਤੇ ਨਾਰੀਅਲ ਦੇ ਜੁੱਟ ਵਾਂਗ ਸੱਜੇ-ਖੱਬੇ ਝੰਜੋੜਿਆ। ਵਾਲ ਪੁੱਟੇ ਜਾਣ ਨਾਲ ਸ਼ੈਲ ਦਾ ਸਿਰ ਉਤਾਂਹ ਨੂੰ ਚੁੱਕਿਆ ਗਿਆ। ਉਸ ਨੇ ਆਪਣੇ ਵਾਲ ਪਤਲਾ-ਕਮਜ਼ੋਰ ਹੱਥ ਵਧਾ ਕੇ ਭੈਰੂ ਦੀ ਮਜ਼ਬੂਰ ਪਕੜ ਤੋਂ ਛਡਾਉਣੇ ਚਾਹੇ, ਪਰ ਭੈਰੂ ਨੇ ਦੂਸਰੇ ਹੱਥ ਨਾਲ ਸ਼ੈਲ ਦੇ ਦੋਵੇਂ ਹੱਥ ਗੁੱਟ ਤੋਂ ਘੁੱਟ ਕੇ ਫੜ ਲਏ। ਮੁੜ ਸ਼ੈਲ ਦੇ ਸਿਰ ਨੂੰ ਗੁੱਤੋਂ ਫੜ ਕੇ ਝਿੰਜੋੜਦਿਆਂ ਚੀਕਿਆ, "ਬੋਲ—ਕੌਣ ਹੈਂ ਤੂੰ ..?" ਸ਼ੈਲ ਨੇ ਪੀੜ ਨਾਲ ਭਿੱਜੀ ਸੁਰ 'ਚ ਕਿਹਾ, "ਮੈਨੂੰ ਛੱਡ ਦਿਓ।"

"ਕਿਵੇਂ ਛੱਡ ਦਿਆਂ ਤੈਨੂੰ ? ਪਹਿਲੋਂ ਇਸ ਦੁਖਿਆਰੀ ਦਾ ਖਹਿੜਾ ਛੱਡ। ਇਸ ਘਰ ਨੂੰ ਛੱਡ। ਇਸ ਪਿੰਡ ਨੂੰ ਛੱਡ, ਮੇਰੇ ਇਲਾਕੇ ਨੂੰ ਛੱਡ।" ਅੱਖਾਂ ਬੰਦ ਕਰਕੇ ਭੈਰੂ ਕੜਕਵੀਂ ਆਵਾਜ਼ ਵਿਚ ਚੀਕੀ ਜਾਂਦਾ ਸੀ। ਅਮਰ ਟੱਡੀਆਂ ਅੱਖਾਂ ਨਾਲ ਕਦੇ ਭੈਰੂ ਦੇ ਪੱਥਰ ਵਾਂਗ ਸੰਵੇਦਨਾ ਰਹਿਤ ਝੁਰੜੀਆਂ ਭਰੇ ਚਿਹਰੇ ਵੱਲ ਵੇਖਦਾ ਤੇ ਕਦੇ ਸ਼ੈਲ ਦੇ ਦਰਦ ਨਾਲ ਜ਼ਰਦ ਹੋਏ ਲੰਬੂਤਰੇ ਚਿਹਰੇ ਵੱਲ। ਫਿਰ ਭੈਰੂ ਨੂੰ ਆਪਣੇ ਕਢਾਈ ਕੀਤੇ ਥੈਲੇ 'ਚੋਂ ਲੋਹੇ ਦਾ ਸੰਗਲ ਕੱਢਦਿਆਂ ਵੇਖ ਅਮਰ ਦੀ ਧੜਕਨ ਰੁਕ ਗਈ, "ਤੂੰ ਇੰਜ ਨਹੀਂ ਸੁਧਰੇਂਗਾ। "ਬੋਲ ਜਾਂਦਾ ਹੈ ਜਾਂ ਨਹੀਂ ?" ਭੈਰੂ ਨੇ ਇਸ ਵਾਰੀ ਸ਼ੈਲ ਦੇ ਵਾਲ ਇੰਨੀ ਜ਼ੋਰ ਨਾਲ ਪੁੱਟੇ ਕਿ ਸ਼ੈਲ ਤੜਫਦੀ ਹੋਈ ਉਠ ਖੜੀ ਹੋਈ। ਭੈਰੂ ਨੇ ਸੰਗਲ ਹਵਾ 'ਚ ਲਹਿਰਾਇਆ ਤੇ ਤੜਾਕ ਦੀ ਆਵਾਜ਼ ਨਾਲ ਸ਼ੈਲ ਦੀ ਹੱਡੀਆਂ ਦੀ ਪਿੰਜਰ ਮਾਤਰ ਪਿੱਠ ਤੇ ਜੜ ਦਿੱਤੀ।

"ਮੈਨੂੰ ਨਾ ਮਾਰੋ......ਛੱਡ ਦਿਓ ਮੈਨੂੰ—।" ਸ਼ੈਲ ਭਰੇ ਗੱਚ ਨਾਲ ਕੁਰਲਾਈ।

"ਛੱਡ ਦਿਆਂ ਤੈਨੂੰ......ਹਾ-ਹਾ-ਹਾ-ਹਾ...।" ਭੈਰੂ ਗਲਾ ਫਾੜ ਕੇ ਭਿਆਨਕ



ਦਿਓ ਵਾਂਗ ਹੱਸਿਆ, "ਹੁਣ ਕਾਬੂ ਆਇਆ ਹੈ ਤਾਂ ਕਹਿੰਦਾ ਹੈ ਛੱਡ ਦਿਆਂ।" ਭੈਰੂ ਲਾਲ ਡੋਰੇ ਵਾਲੀਆਂ ਅੱਖਾਂ ਸੱਜੇ-ਖੱਬੇ ਨਚਾ ਰਿਹਾ ਸੀ। ਫੀਨੇ ਨੱਕ ਦੀਆਂ ਨਾਸਾਂ ਫੜਕ ਰਹੀਆਂ ਸਨ। ਅੱਖਾਂ 'ਚ ਬੇਰਹਿਮੀ ਸਪੱਸ਼ਟ ਝਲਕਦੀ ਸੀ। ਸਾਰਿਆਂ ਦੇ ਚਿਹਰੇ ਫੱਕ ਹੋ ਗਏ ਸਨ। ਸਾਰੇ ਆਪਣੀ-ਆਪਣੀ ਥਾਂ ਬੈਠੇ ਅਸਚਰਜ ਭਰੀਆਂ ਅੱਖਾਂ ਨਾਲ ਇਹ ਨਜ਼ਾਰਾ ਵੇਖ ਰਹੇ ਸਨ। ਸ਼ੈਲ ਨੇੜੇ ਪਈ ਕੜਛੀ 'ਚੋਂ ਗੁੱਗਲ ਦਾ ਧੂੰਆਂ ਅਜੇ ਵੀ ਉੱਠ ਰਿਹਾ ਸੀ। ਚਾਰੇ ਪਾਸੇ ਸੰਨਾਟਾ ਸੀ। ਬਸ ਸ਼ੈਲ ਦੇ ਦਰਦ ਨਾਲ ਹੂੰਗਣ ਦੀ ਆਵਾਜ਼ ਫਜ਼ਾ ਨੂੰ ਪਿਘਲਾ ਰਹੀ ਸੀ। ਭੈਰੂ ਨੇ ਮੁੜ ਸੰਗਲ ਹਵਾ 'ਚ ਲਹਿਰਾਇਆ ਤਾਂ ਹੱਥ-ਪੈਰ ਪਟਕਦੀ ਸ਼ੈਲ ਭੈਰੂ ਵੱਲ ਵੇਖ ਕੇ ਡਰ ਨਾਲ ਚੀਕੀ। ਫਿਰ ਉਸ ਦਾ ਚਿਹਰਾ ਘ੍ਰਿਣਾ ਤੇ ਗੁੱਸੇ ਨਾਲ ਭਖਣ ਲੱਗਾ। ਸ਼ੈਲ ਨੇ ਦੰਦ ਕਰੀਚਦਿਆਂ ਭੈਰੂ ਦੇ ਮੂੰਹ ਤੇ ਥੁੱਕਣ ਦੀ ਕੋਸਿਸ਼ ਵੀ ਕੀਤੀ। ਪਰ ਉਸ ਦੀ ਹਾਲਤ ਤੇ ਕਸਾਈ ਸਾਹਮਣੇ ਲੇਲੇ ਵਰਗੀ ਸੀ। ਬਿਲਕੁਲ ਲਾਚਾਰ। ਫਿਰ ਉਹ ਨਫਰਤ ਨਾਲ ਚੀਕੀ, "ਭੈਰੂ ਬਾਬਾ; ਤੂੰ ਮੈਨੂੰ ਇਕ ਵਾਰੀ ਛੱਡ ਤਾਂ ਸਹੀ, ਫਿਰ ਮੈਂ ਤੈਨੂੰ ਦੱਸਾਂ।"

ਕੱਛੂ ਵਾਂਗ ਆਪਣੀਆਂ-ਆਪਣੀਆਂ ਬੁੱਕਲਾਂ 'ਚ ਸੁੰਗੜੇ ਲੋਕਾਂ ਵੱਲ ਕਿਸੇ ਜਾਦੂਗਰ ਵਾਂਗ ਹੱਥ ਨਚਾ-ਨਚਾ ਕੇ ਕਹਿਣ ਵੱਗਾ, "ਇੰਨਾ ਢੀਠ ਪਹਾੜੀਆ ਤਾਂ ਮੈਂ ਜ਼ਿੰਦਗੀ 'ਚ ਪਹਿਲੀ ਵਾਰੀ ਵੇਖਿਆ ਏ। ਕੋਈ ਵਿਗੜੀ ਹੋਈ ਕਿਸਮ ਲੱਗਦੀ ਹੈ। ਮੈਂ ਕਹਿਨਾ ਇਥੋਂ ਚਲਿਆ ਜਾ, ਨਹੀਂ ਤਾਂ ਤੇਰੀ ਅਜਿਹੀ ਗਤ ਬਣਾਵਾਂਗਾ ਕਿ ਤੂੰ ਵੀ ਯਾਦ ਕਰੇਂਗਾ...... ਕਹਿੰਦਿਆਂ ਭੈਰੂ ਨੇ ਸ਼ੈਲ ਦੀ ਪਿੱਠ ਤੇ ਲਗਾਤਾਰ ਤਿੰਨ-ਚਾਰ ਸੰਗਲ ਜੜ ਦਿੱਤੇ। ਲੋਕੀਂ ਪਹਾੜੀਏ ਤੇ ਭੈਰੂ ਦਾ ਵਾਰਤਾਲਾਪ ਸੁਣ ਕੇ ਹੈਰਾਨ ਹੋ ਰਹੇ ਸਨ। ਸ਼ੈਲ ਛਟਪਟਾਉਂਦੀ ਸੀ। ਉਹ ਉੱਚੀ-ਉੱਚੀ ਰੋਣਾ ਤੇ ਚੀਕਣਾ ਚਾਹੁੰਦੀ ਸੀ, ਪਰ ਉਸ ਦਾ ਗਲਾ ਬੈਠ ਗਿਆ ਸੀ। ਸ਼ੈਲ ਦੀ ਮਾਂ ਵੀ ਰੋਣ-ਹਾਕੀ ਹੋਈ ਕੰਧ ਨਾਲ ਪਿੱਠ ਤੇ ਮੱਥੇ ਤੇ ਹੱਥ ਟਿਕਾਈ ਬੈਠੀ ਸੀ।

"ਭੈਰੂ ਬਾਬਾ, ਮੈਨੂੰ ਮਾਰ ਕੇ ਹੀ ਸਾਹ ਲਵੋਂਗੇ। ਮੈਂ ਤੁਹਾਡੇ ਪੈਰੀਂ ਪੈਂਦੀ ਹਾਂ— ਮੈਨੂੰ ਛੱਡ ਦਿਓ...ਮੈਨੂੰ ਨਾ ਮਾਰੋ...ਮੈਨੂੰ ਕੁਝ ਨਹੀਂ ਹੋਇਆ...।" ਸ਼ੈਲ ਨੇ ਤਰਲਾ ਪਾਇਆ। ਇਹ ਸੁਣ ਕੇ ਭੈਰੂ ਦੇ ਨਿਰਦਈ ਚਿਹਰੇ ਤੇ ਜੇਤੂ ਮੁਸਕਰਾਹਟ ਤੈਰ ਗਈ। ਅਮਰ ਨੂੰ ਲੱਗਾ ਕਿ ਸ਼ੈਲ ਠੀਕ ਆਖਦੀ ਹੈ। ਉਸ ਦਾ ਦਿਲ ਕੀਤਾ ਕਿ ਉਹ ਸ਼ੈਲ ਨੂੰ ਭੈਰੂ ਦੇ ਪੰਜੇ ਤੋਂ ਛੁਡਾ ਦੇਵੇ ਪਰ ਉਸ ਦੀ ਹਿੰਮਤ ਨਹੀਂ ਹੋਈ। ਭੈਰੂ ਬੈਠੇ ਲੋਕਾਂ ਵੱਲ ਮੁੜ ਮੁਖ਼ਾਤਬ ਹੋਇਆ, "ਵੇਖਿਆ ਤੁਸੀਂ, ਕਿੰਨਾ ਚਲਾਕ ਹੈ ਇਹ ਪਹਾੜੀਆ, ਕਿਵੇਂ ਗਿਰਗਿਟ ਵਾਂਗ ਰੰਗ ਬਦਲਦਾ ਹੈ, ਮੈਨੂੰ ਗੱਲਾਂ 'ਚ ਲੈ ਕੇ ਧੋਖਾ ਦੇਣਾ ਚਾਹੁੰਦਾ ਹੈ। ਬੱਚੂ ਮੈਂ ਵੀ ਕੱਚੀਆਂ ਗੋਲੀਆਂ ਨਹੀਂ ਖੇਡੀਆਂ, ਲੱਗਦਾ ਏ ਤੂੰ ਮੈਨੂੰ ਪਛਾਣਿਆ ਨਹੀਂ। ਮੇਰਾ ਨਾਂ ਸੁਣ ਕੇ ਵੱਡੀ-ਵੱਡੀ ਸ਼ੈਅ ਥਰ-ਥਰ ਕੰਬਦੀ ਹੈ। ਤੇਰੀ ਹਿੰਮਤ ਕਿਵੇਂ ਹੋਈ ਮੇਰੇ ਇਲਾਕੇ 'ਚ ਪੈਰ ਰੱਖਣ ਦੀ। ਤੇਰੀ ਓਕਾਤ ਹੀ ਕੀ ਹੈ—ਇਹ ਡਰਾਮੇ ਕਰਨੇ ਛੱਡਦੇ...।" ਕਹਿੰਦਿਆਂ-ਕਹਿੰਦਿਆਂ ਭੈਰੂ ਨੇ ਮੁੜ ਜੋਸ਼ ਵਿਚ ਆ ਕੇ ਸ਼ੈਲ ਨੂੰ ਸੰਗਲ ਨਾਲ ਰੂੰ ਵਾਂਗ

ਪਿੰਜਣਾ ਸ਼ੁਰੂ ਕਰ ਦਿੱਤਾ ਹੈ। ਫਿਰ ਹਫਦਿਆਂ ਬੋਲਿਆ, "ਛੱਡ ਇਸ ਵਿਚਾਰੀ ਦਾ ਪਿੱਛਾ, ਇਹ ਤਾਂ ਪਹਿਲੋਂ ਹੀ ਦੁੱਖਾਂ ਮਾਰੀ ਹੈ। ਕਿਸੇ ਦੁਸ਼ਮਣ ਦੇ ਘਰ ਜਾ...।"

"ਕਿੱਥੇ ਜਾਵਾਂ ਭੈਰੂ ਬਾਬਾ। ਮੇਰਾ ਕਿਹੜਾ ਟਿਕਾਣਾ ਹੈ। ਇੱਥੇ ਹੀ ਰੁੱਖੀ-ਸੁੱਕੀ ਖਾ ਕੇ ਗੁਜ਼ਾਰਾ ਕਰ ਲਵਾਂਗੀ।"

"ਤੂੰ ਜਾਂਦਾ ਹੈ ਜਾਂ ਨਹੀਂ। ਮੈਨੂੰ ਗੱਲਾਂ ਨਾਲ ਠੱਗਣ ਦੀ ਕੋਸ਼ਿਸ਼ ਕਿਉਂ ਕਰਦਾ ਹੈਂ।" ਭੈਰੂ ਦੀ ਜਿੰਨੀ ਤੇਜ਼ ਜ਼ਬਾਨ ਚੱਲਦੀ ਓਨੇ ਹੀ ਤੇਜ਼ ਹੱਥ।

"ਚੰਗਾ ਮੈਂ ਚਲੀ ਜਾਨੀ ਹਾਂ, ਮੈਨੂੰ ਮਾਰਨਾ ਤਾਂ ਛੱਡ।" ਸ਼ੈਲ ਨੇ ਕਿਹਾ।

"ਹਾਂ, ਹੁਣ ਆਇਆ ਨਾ ਸਿੱਧੇ ਰਸਤੇ ਤੇ। ਤੇਰਾ ਤਾਂ ਭੈਰੂ ਨਾਲ ਵਾਹ ਹੀ ਪਹਿਲੀ ਵਾਰੀ ਪਿਆ ਹੈ।" ਭੈਰੂ ਅੰਨ੍ਹੇਵਾਹ ਸੰਗਲ ਸ਼ੈਲ ਦੀ ਪਿਠ ਤੇ ਮਾਰੀ ਜਾ ਰਿਹਾ ਸੀ। ਸ਼ੈਲ ਦੀਆਂ "ਹਾਏ...ਮਾਂ . ਮੈਨੂੰ ..ਬਚਾ ਲੈ—ਚੀਕਾਂ ਨਾਲ ਕੰਧਾਂ ਵੀ ਕੰਬ ਉੱਠੀਆਂ ਸਨ। ਦਰਦ ਸਿਖਰਾਂ ਤੇ ਪੁੱਜ ਕੇ ਹੁਣ ਦਰਦ ਨਹੀਂ ਸੀ ਰਹਿ ਗਿਆ। ਉਸ ਦੇ ਹੱਥ-ਪੈਰ ਠੰਡੇ ਹੋ ਰਹੇ ਸਨ। ਉਸ ਦੀ ਪਿੱਠ ਤੋਂ ਪਾਟੇ ਸਵੈਟਰ ਦੇ ਨਾਲ-ਨਾਲ ਦਮੜੀ ਵੀ ਉੱਧੜ ਗਈ ਸੀ। ਭੈਰੂ ਦੇ ਕਰੂਰ ਪੰਜੇ ਕੁਝ ਢਿੱਲੇ ਹੋਏ। ਨਿਢਾਲ ਹੁੰਦੀ ਸ਼ੈਲ ਨੂੰ ਝਟਕਾ ਦੇ ਕੇ ਉਸ ਨੇ ਛੱਡ ਦਿੱਤਾ। ਸ਼ੈਲ ਇਕ ਪਾਸੇ ਲੁੜਕ ਗਈ। ਭੈਰੂ ਵੀ ਥੱਕੇ ਹੋਏ ਰਾਹੀ ਵਾਂਗ ਧੰਮ ਕਰਕੇ ਪੀੜ੍ਹੇ ਤੇ ਬੈਠ ਗਿਆ।

ਸ਼ੈਲ ਦੀ ਮਾਂ ਗੜਬੀ 'ਚ ਗਰਮਾ-ਗਰਮ ਦੁੱਧ ਰੱਖ ਗਈ। ਭੈਰੂ ਨੇ ਆਪਣੇ ਥੈਲੇ 'ਚੋਂ ਨਿੱਕਾ ਜਿਹਾ ਹੁੱਕਾ ਕੱਢਿਆ। ਫਿਰ ਇਕ ਪੋਟਲੀ 'ਚੋਂ ਤੰਮਾਕੂ ਤਲੀ ਤੇ ਧਰ ਕੇ ਦੂਸਰੇ ਹੱਥ ਦੇ ਗੂਠੇ ਨਾਲ ਜ਼ੋਰ ਦੀ ਰਗੜਿਆ। ਨਿੱਕੀ ਜਿਹੀ ਗੋਲੀ ਵੱਟ ਕੇ ਚਿਲਮ ਦੀ ਤਲੀ ਤੇ ਧਰ ਲਿਆ। ਮੁੰਡਾ ਭੇਜ ਕੇ ਉਸਨੇ ਚਿਲਮ ਅੰਗਿਆਰਿਆਂ ਨਾਲ ਭਰ ਲਈ ਤੇ ਹੁੱਕਾ ਗੁੜ-ਗੁੜਾਉਣ ਲਗ ਪਿਆ। ਵਿਚਾਲੇ ਹੀ ਉਹ ਗਰਮ ਦੁੱਧ ਦਾ ਸੜ੍ਹਾਕਾ ਮਾਰਦਾ। ਸ਼ੈਲ ਦੀ ਮਾਂ ਨੂੰ ਨਿਰਦੇਸ਼ ਦੇਈ ਜਾਂਦਾ ਸੀ।

"ਮੈਂ ਪਹਾੜੀਏ ਨੂੰ ਸਬਕ ਸਿਖਾ ਦਿੱਤਾ ਏ। ਮੈਂ ਉਸ ਨੂੰ ਪਿੰਡ ਦੇ ਵਸੇਵੇਂ ਤੇ ਕੀਲ ਆਵਾਂਗਾ। ਕੱਲ੍ਹ ਮੈਥੋਂ ਤਵੀਤ ਤੇ ਪਿਆਸ ਲੈ ਜਾਵੀ। ਪੰਜ-ਸੱਤ ਕੰਜਕਾਂ ਨੂੰ ਕੱਚਾ ਭੋਜਨ ਕਰਾਂ ਛੱਡੀ। ਆਉਂਦੀ ਸੰਗਰਾਦ ਨੂੰ ਦੁੱਖ-ਹਰਣ ਟੋਬੇ ਤੇ ਕੁੜੀ ਨੂੰ ਸ਼ੁਨਾਨ ਕਰਾ ਲਿਆਵੀਂ। ਘੱਟੋ-ਘੱਟ ਪੰਜ ਭਦਾੜੀਆਂ ਜ਼ਰੂਰ ਭਰੀਂ। ਤੇਰੀ ਕੁੜੀ ਬਿਲਕੁਲ ਠੀਕ ਹੋ ਜਾਵੇਗੀ। ਨੌ-ਬਰ-ਨੌਂ। "ਸ਼ੈਲ ਦੀ ਮਾਂ ਘੁੰਡ 'ਚ ਹੀ ਆਪਣਾ ਸਿਰ ਹਿਲਾਈ ਜਾਂਦੀ ਸੀ। ਉਸ ਦਿਨ ਐਤਵਾਰ ਸੀ। ਕਈ ਦਿਨਾਂ ਮਗਰੋਂ ਸੂਰਜ ਬੱਦਲਾਂ ਦਾ ਸੀਨਾ ਚੀਰ ਕੇ ਨਿਕਲਿਆ ਸੀ। ਜ਼ਿੰਦਗੀ ਦੇਣ ਵਾਲੀ ਕੋਸੀ-ਕੋਸੀ ਧੁੱਪ ਦਾ ਆਨੰਦ ਮਾਨਣ ਲਈ ਅਮਰ ਖੁੱਲ੍ਹੀ ਖੱਡ ਵਲ ਨਿਕਲ ਆਇਆ ਸੀ। ਉਹ ਹਰੀਆਂ-ਭਰੀਆਂ ਪਹਾੜੀਆਂ ਤੇ ਉੜਦੇ ਰੰਗ-ਬਿਰੰਗੇ ਪਰਿੰਦਿਆਂ ਦੀਆਂ ਦਿਲ-ਲੁਭਾਉਂਦੀਆਂ, ਕੰਨਾਂ 'ਚ ਰਸ ਘੋਲਦੀਆਂ ਆਵਾਜ਼ਾਂ ਸੁਨਣ ਵਿਚ ਮਸਤ ਸੀ। ਕਿ ਉਸ ਕੋਲੋਂ ਦੀ ਸ਼ੈਲ ਤੇ ਉਸ ਦੀ ਮਾਂ ਲੰਘੇ। ਉਹ ਸੰਗਰਾਦ ਦੇ ਮੌਕੇ ਤੇ ਸ਼ੈਲ ਨੂੰ ਭੈਰੂ ਬਾਬਾ ਦੇ ਕਹੇ ਮੁਤਾਬਕ ਬੋਹੜ ਵਾਲੇ ਟੋਬੇ ਤੇ ਅਸ਼ਨਾਨ ਕਰਾਉਣ ਲਈ



ਜਾ ਰਹੇ ਸਨ। ਸ਼ੈਲ ਦਾ ਹਾਲ-ਚਾਲ ਪੁੱਛਣ ਮਗਰੋਂ ਅਮਰ ਵੀ ਗੱਲਾਂ ਕਰਦਾ ਕਰਦਾ ਉਹਨਾਂ ਨਾਲ ਚਲ ਪਿਆ। ਅਮਰ ਉਸ ਇਲਾਕੇ ਵਿਚ ਪਹਿਲੀ ਵਾਰ ਆਇਆ ਸੀ। ਇਸ ਲਈ ਉਸ ਨੂੰ ਸਾਰਾ ਇਲਾਕਾ ਵੇਖਣ ਦੀ ਰੀਝ ਸੀ। ਪਰ ਮੁਸੀਬਤ ਇਹੀ ਸੀ ਕਿ ਇਹਨਾਂ ਪਥਰੀਲੀਆਂ ਖੱਡਾਂ ਤੇ ਉੱਚੇ-ਨੀਵੇਂ ਰਸਤਿਆਂ ਤੇ ਪੈਦਲ ਹੀ ਚਲਿਆ ਜਾ ਸਕਦਾ ਸੀ। ਚੱਲਣ ਤੋਂ ਅਮਰ ਬਹੁਤ ਘਬਰਾਉਂਦਾ ਸੀ। ਉਸ ਨੇ ਬੋਹੜ ਵਾਲਾ ਟੋਬਾ ਵੇਖਣ ਦੀ ਇੱਛਾ ਪ੍ਰਗਟ ਕੀਤੀ ਤਾਂ ਸ਼ੈਲ ਦੀ ਮਾਂ ਨੇ ਝੱਟ ਤਿਆਰ ਹੁੰਦਿਆਂ ਕਿਹਾ, "ਮਾਸਟਰ ਜੀ, ਵੇਖ ਲਓ ਸੱਤ-ਅੱਠ ਕੋਹ ਪੈਦਲ ਚਲਣਾ ਪੈਣਾ ਹੈ, ਥੱਕ ਨਾ ਜਾਇਓ।'

"ਕੋਈ ਗੱਲ ਨਹੀਂ, ਮਾਂ ਜੀ, ਤੁਹਾਡੇ ਨਾਲ ਗੱਲਾਂ-ਬਾਤਾਂ ਕਰਦਿਆਂ ਰਸਤਾ ਤੈਅ ਹੋ ਜਾਵੇਗਾ।"

"ਠੀਕ ਏ, ਜਿਵੇਂ ਤੇਰੀ ਮਰਜ਼ੀ ਪੁੱਤਰ।"

ਕੰਡੇ ਵਾਂਗ ਸੁੱਕੇ ਸਰੀਰ ਵਾਲੀ ਸ਼ੈਲ ਦੱਸ ਪੈਰ ਚਲ ਕੇ ਥੱਕ ਜਾਂਦੀ ਸੀ। ਹੱਫ ਜਾਂਦੀ 'ਤੇ ਪੱਥਰਾਂ ਤੇ ਬੈਠ ਕੇ ਸਾਹ ਲੈਂਦੀ। ਸਰਦੀ ਵਿਚ ਵੀ ਉਸਦੇ ਬੁੱਲ੍ਹ ਸੁੱਕਣ ਲਗਦੇ। ਕੱਛੂ ਚਾਲੇ ਚਲ ਰਹੇ ਸਨ ਉਹ .....।

"ਸ਼ੈਲ ਦੇ ਇਹ ਕਸਰ ਕਦੋਂ ਤੋਂ ਹੈ?" ਅਮਰ ਨੇ ਪੁੱਛਿਆ ਤਾਂ ਸ਼ੈਲ ਦੀ ਮਾਂ ਨੇ ਹੱਥਲੀ ਡੰਗੋਰੀ ਪੱਥਰਾਂ ਤੇ ਟਿਕਾਉਂਦਿਆਂ ਕਹਿਣਾ ਸ਼ੁਰੂ ਕੀਤਾ, 'ਮਾਸਟਰ ਜੀ,, ਕੀ ਦੱਸਾਂ। ਉਦੋਂ ਸ਼ੈਲ ਪੰਜਾਂ ਕੁ ਵਰ੍ਹਿਆਂ ਦੀ ਸੀ। ਕੱਦੂ ਵਾਂਗ ਗੋਲ-ਮਟੋਲ। ਦੂਰ ਦੀ ਰਿਸ਼ਤੇਦਾਰੀ 'ਚੋਂ ਇਕ ਸੁਹਣੇ-ਸੁਨੱਖੇ ਮੁੰਡੇ ਨਾਲ ਸ਼ੈਲ ਦਾ ਵਿਆਹ ਹੋ ਗਿਆ ਸੀ। ਮੁਕਲਾਵਾ ਅਗਲੇ ਵਰ੍ਹੇ ਹੋਣਾ ਸੀ, ਪਰ ਤਕਦੀਰ ਫੁੱਟ ਗਈ ਸੀ ਸਾਡੀ। ਮੁਕਲਾਵੇ ਤੋਂ ਇਕ ਵਰ੍ਹੇ ਪਹਿਲੋਂ ਹੀ ਉਹ ਮੰਡਾ ਸੱਪ ਦੇ ਡੰਗਣ ਕਾਰਨ ਰੱਬ ਨੂੰ ਪਿਆਰਾ ਹੋ ਗਿਆ ਸੀ। ਬੜੀ ਫੋਟੀ ਕਿਸਮਤ ਹੈ ਇਸ ਕੁੜੀ ਦੀ।"

"ਮਾਸਟਰ ਜੀ, ਇਸ ਅਭਾਗਣ ਨੂੰ ਕਿਸ ਨੇ ਅਪਨਾਉਣਾ ਸੀ। ਸਾਡੇ ਪਹਾੜ 'ਚ ਤਾਂ ਅਜਿਹੀ ਔਰਤ ਦਾ ਪਰਛਾਵਾਂ ਵੀ ਨਹੀਂ ਲੈਂਦੇ।"

'ਸ਼ੈਲ ਦੇ ਹੋਰ ਕਿੰਨੇ ਭੈਣ-ਭਰਾ ਨੇ?"

"ਦੋ ਭਰਾ ਤੇ ਚਾਰ ਭੈਣਾਂ ਹਨ। ਸਾਰੇ ਵਿਆਹੇ ਗਏ ਨੇ। ਆਪੋ-ਆਪਣੇ ਘਰੀਂ ਸੁਖੀ ਵਸਦੇ ਨੇ। ਬੱਸ ਸ਼ੈਲ ਨੇ ਹੀ ਪਤਾ ਨਹੀਂ ਕਿੰਨੇ ਮਾੜੇ ਕਰਮ ਕੀਤੇ ਸੀ। ਹੁਣ ਘਰ ਦਾ ਸਾਰਾ ਕੰਮ ਇਹੋ ਵੇਖਦੀ ਹੈ। ਇਕ ਦਿਨ ਡੰਗਰ ਚਰਾਉਣ ਜੰਗਲ ਗਈ ਸੀ। ਬਸ ਕੋਈ ਐਸੀ-ਵੈਸੀ ਕਰੜੀ ਥਾਂ ਟੱਪ ਆਈ। ਕੋਈ ਸ਼ੈਅ ਮਗਰ ਪੈ ਗਈ। ਇਕ ਵਾਰੀ ਤਾਂ ਜੰਗਲ 'ਚੋਂ ਚੁੱਕ ਕੇ ਲਿਆਂਦਾ ਸੀ। ਪਤਾ ਨਹੀਂ ਪਿਛਲੇ ਜਨਮ ਦੇ ਕਿਹੜੇ ਪਾਪ ਕੀਤੇ ਨੇ ਸ਼ੈਲ ਨੇ, ਜਿਹਨਾਂ ਦੀ ਸਜ਼ਾ ਭੁਗਤ ਰਹੀ ਹੈ ਇਸ ਜਨਮ ਵਿਚ। ਇਸ ਦਾ ਦੁੱਖ ਵੇਖਿਆ ਨਹੀਂ ਜਾਂਦਾ। ਕਿਵੇਂ ਕੱਟੂਗੀ ਇਹ ਪਹਾੜ ਜੇਡੀ ਉਮਰ।" ਕਹਿੰਦਿਆਂ ਸ਼ੈਲ ਦੀ ਮਾਂ ਡੁਸਕਣ ਲਗ ਪਈ ਸੀ। ਚਲਦਿਆਂ, ਰੁਕਦਿਆਂ, ਬਹਿੰਦਿਆਂ-ਬਸੋਂਦਿਆਂ ਰਸਤਾ ਮੁੱਕ ਗਿਆ।

ਟੋਬੇ ਤੇ ਮੇਲਾ ਜਿਹਾ ਲੱਗਾ ਸੀ । ਸ਼ੈਲ ਵਰਗੇ ਹੀ ਕਈ ਜੁਆਨ ਇਸਤਰੀਆਂ-ਪੁਰਖ਼ ਉੱਥੇ ਲਿਆਂਦੇ ਗਏ ਸਨ । ਦੂਰੋਂ-ਦੂਰੋਂ । ਕੋਈ ਆਪਣਾ ਸਿਰ ਝੁਲਾਈ ਜਾਂਦਾ ਸੀ ਤਾਂ ਕੋਈ ਬੇਤਹਾਸ਼ਾ ਰੋਈ ਜਾਂਦਾ ਸੀ । ਸੇਵਾਦਾਰ ਰੋਗੀਆਂ ਨੂੰ ਧੂਹ ਕੇ ਟੋਬੇ ਵਲ ਲਿਜਾਂਦੇ ਸਨ । ਰੋਗੀ ਪਾਣੀ ਕੋਲੋਂ ਡਰਦੇ ਚੀਕਦੇ, ਆਪਣੇ-ਆਪ ਨੂੰ ਛੁੜਾਉਣ ਲਈ ਛਟਪਟਾਉਂਦੇ। ਸੁੱਧ-ਬੁੱਧ ਗੁਆਕੇ ਜ਼ਮੀਨ ਤੇ ਲਿਟਣ ਲੱਗਦੇ। ਮਜਬੂਤ ਜੁੱਸੇ ਵਾਲੇ ਸੇਵਾਦਾਰ ਉਹਨਾਂ ਨੂੰ ਘਸੀਟ ਕੇ ਟੋਬੇ ਤਾਂਈ ਲੈ ਜਾਂਦੇ ਤੇ ਧੌਣੋਂ ਫੜ ਕੇ ਠੰਡੇ ਪਾਣੀ ਵਿਚ ਡੁਬਕਣੀ ਲੁਆਂਉਂਦੇ ! ਰੋਗੀ ਨੂੰ ਕਾਂਬਾ ਛਿੜ ਜਾਂਦਾ । ਉਹ ਪਾਣੀ ਤੋਂ ਡਰ ਕੇ ਇੰਝ ਪਰ੍ਹਾਂ ਭਜਦੇ ਜਿਵੇਂ ਪਾਣੀ ਨਹੀਂ ਸਗੋਂ ਅੱਗ ਦੇ ਦਰਿਆ ਵਿਚ ਡੂਬੋ ਦਿੱਤਾ ਗਿਆ ਹੋਵੇ । ਇਹ ਸਾਰਾ ਨਜਾਰਾ ਵੇਖ ਕੇ ਸ਼ੈਲ ਘਬਰਾ ਗਈ । ਜਦੋਂ ਉਸ ਨੂੰ ਵੀ ਸੇਵਾਦਾਰ ਬਾਹੋਂ ਫੜ ਕੇ ਲੈ ਚਲੇ ਤਾਂ ਸ਼ੈਲ ਨੇ ਬੜੀ ਹੀ ਲਾਚਾਰੀ ਭਰੀ ਨਜ਼ਰ ਨਾਲ ਇਕ ਵਾਰੀ ਔਰਤਾਂ 'ਚ ਬੈਠੀ ਆਪਣੀ ਮਾਂ ਨੂੰ ਤੇ ਨੇੜੇ ਖੜੋਤੇ ਅਮਰ ਨੂੰ ਵੇਖਿਆ । ਅਮਰ ਨੇ ਮਹਿਸੂਸ ਕੀਤਾ ਜਿਵੇਂ ਕਿਸੇ ਜਾਨਵਰ ਨੂੰ ਹਲਾਲ ਕਰਨ ਲਈ ਲਿਜਾਂਦਾ ਜਾ ਰਿਹਾ ਹੋਵੇ । ਸ਼ੈਲ ਵੀ ਬੁੜਬੁੜਾਈ, ਭੈਰੂ ਬਾਬਾ ਦੇ ਸੰਗਲਾਂ ਦੀ ਮਾਰ ਨਾਲ ਮੇਰੀ ਪਿੱਠ ਤੇ ਜ਼ਖ਼ਮ ਹੋ ਗਏ ਨੇ । ਪਿੱਠ ਬਹੁਤ ਦੁਖਦੀ ਹੈ। ਮੈਨੂੰ ਬਚਾ ਲਵੋ ।' ਅਮਰ ਨੇ ਝੱਟ ਅੱਗੇ ਵੱਧ ਕੇ ਸੇਵਾਦਾਰ ਨਾਲ ਬਹਾਨਾ ਮਾਰਿਆ, ਥੋੜ੍ਹੀ ਦੇਰ ਰੁੱਕ ਜਾਵੋ, ਸ਼ੈਲ ਜੰਗਲ-ਪਾਣੀ ਜਾਣਾ ਚਾਹੁੰਦੀ ਹੈ ।" ਸੇਵਾਦਾਰ ਨੇ ਸ਼ੈਲ ਨੂੰ ਛੱਡ ਦਿੱਤਾ ।

ਟੋਬੇ ਦੇ ਇਕ ਪਾਸੇ ਬੋਹੜ ਹੇਠਾਂ ਮੇਲਾ ਲੱਗਾ ਹੋਇਆ ਸੀ । ਮਿਠਾਈਆਂ, ਖਡੌਣਿਆਂ, ਮੁਨਿਆਰੀ ਆਦਿ ਦੀਆਂ ਦੁਕਾਨਾਂ ਸੱਜੀਆਂ ਹੋਈਆਂ ਸੀ। ਉੜਨ-ਖਟੋਲੇ 'ਚ ਲੋਕੀਂ ਝੂਟੇ ਲੈ ਰਹੇ ਸਨ । ਅਮਰ ਤੇ ਸ਼ੈਲ ਮੇਲੇ ਵਿਚ ਦਾਖਿਲ ਹੋ ਗਏ। ਸ਼ੈਲ ਨੂੰ ਇਕ ਵੱਡੇ ਜਿਹੇ ਪੱਥਰ ਤੇ ਬਿਠਾ ਕੇ, ਅਮਰ ਗਰਮਾ-ਗਰਮ ਜਲੇਬੀਆਂ ਲੈ ਆਇਆ। ਦੋਹਾਂ ਨੇ ਜਲੇਬੀਆਂ ਖਾਂਦੇ-ਖਾਂਦੇ ਅਣਮੁੱਕ ਗੱਲਾਂ ਕੀਤੀਆਂ। ਬਰਫ ਨਾਲ ਢੱਕੇ ਪਰਬਤਾਂ ਦੀਆਂ, ਖੇਤਾਂ 'ਚ ਖਿੜੀ ਸਰ੍ਹੋਂ ਦੀਆਂ, ਪਿੰਡ ਦੇ ਮੁੰਡੇ-ਕੁੜੀਆਂ ਦੀਆਂ। ਅਕਾਸ਼ 'ਚ ਉੱਡਦੇ ਆਜ਼ਾਦ ਪੰਛੀਆਂ ਦੀਆਂ। ਫਿਰ ਗੱਲਾਂ ਦੀ ਲੜੀ ਇਕ ਦੂਸਰੇ ਬਾਰੇ ਜਾਨਣ ਨਾਲ ਜੁੜ ਗਈ। ਅਮਰ ਦੇ ਹਮਦਰਦੀ ਭਰੇ, ਮਿਲਾਪੜੇ, ਨਿਰਮਲ ਤੇ ਜ਼ਿੰਦਾ ਦਿਲ ਸੁਭਾਅ ਨੇ ਸ਼ੈਲ ਦਾ ਮਨ ਮੋਹ ਲਿਆ। ਸ਼ੈਲ ਅਮਰ ਦਾ ਹੱਥ ਫੜੀ ਸਾਰਾ ਮੇਲਾ ਘੁੰਮੀ। ਉਹ ਜਿਹੜੀ ਚੀਜ਼ ਤੇ ਨਿਗਾਹ ਰੱਖਦੀ ਅਮਰ ਝੱਟ ਖਰੀਦ ਦਿੰਦਾ। ਦੋਵੇਂ ਝੂਲੇ ਤੇ ਬੈਠੇ। ਝੂਲਾ ਜਦੋਂ ਉਪਰੋਂ ਹੇਠਾਂ ਵੱਲ ਨੂੰ ਆਉਂਦਾ, ਸ਼ੈਲ ਸਹਿਮ ਜਾਂਦੀ ਤੇ ਅਮਰ ਨੂੰ ਘੁੱਟ ਕੇ ਫੜ ਲੈਂਦੀ।

ਕਾਫੀ ਦੇਰ ਮੇਲਾ ਘੁੰਮ ਕੇ ਜਦੋਂ ਸ਼ੈਲ ਤੇ ਅਮਰ ਪਰਤੇ ਤਾਂ ਸ਼ੈਲ ਦੇ ਸਿਰ ਤੋਂ ਦੁਪੱਟਾ ਹੇਠਾਂ ਢੁਲਕਿਆ ਹੋਇਆ ਸੀ। ਅੱਖਾਂ 'ਚ ਅਨੋਖੀ ਚਮਕ ਸੀ। ਚਿਹਰੇ ਤੋਂ ਦਰਦ ਤੇ ਥਕਾਨ ਦੀ ਪਿਲੱਤਣ ਗਾਇਬ ਸੀ। ਸਗੋਂ ਤਾਜ਼ਗੀ ਤੇ ਖ਼ੁਸ਼ੀ ਦੀ ਦਿਲ-ਖਿੱਚਵੀਂ ਭਾਅ ਮਾਰਦਾ ਸੀ। ਕਦਮਾਂ 'ਚ ਫੁਰਤੀ ਸੀ। ਸ਼ੈਲ ਨੂੰ ਖੁਸ਼ ਵੇਖ ਕੇ ਉਸ ਦੀ ਮਾਂ ਨੇ ਕਿਹਾ, "ਵੇਖਿਆ ਪੁੱਤਰ, ਕਿੰਨੀ ਕਰਨੀ ਵਾਲੀ ਥਾਂ ਹੈ ਇਹ। ਪਹਿਲੀ ਭਦਾੜੀ ਵਿਚ ਹੀ ਸ਼ੈਲ ਨੂੰ ਕਿੰਨਾ ਫਰਕ ਪੈ ਗਿਆ ।"



ਅਮਰ ਨੇ ਵੀ ਮਨ ਹੀ ਮਨ ਮੁਸਕਰਾਉਂਦਿਆਂ ਕਿਹਾ, "ਆਹੋ ਮਾਂ ਜੀ, ਤੁਸੀਂ ਠੀਕ ਕਹਿੰਦੇ ਹੋ ।"

ਮੁੜਦੇ ਸਮੇਂ, ਸ਼ੈਲ ਪੰਛੀਆਂ ਵਾਂਗ ਚਹਿਕਦੀ ਸੀ। ਪੈਰ-ਪੈਰ ਤੇ ਥੱਕ ਕੇ ਬੈਠ ਜਾਣ ਵਾਲੀ ਸ਼ੈਲ ਨੂੰ ਜਿਵੇਂ ਖੰਭ ਲੱਗ ਗਏ ਸਨ। ਗੱਲਾਂ ਕਰਦਿਆਂ ਅੱਠ ਕੋਹ ਦਾ ਰਸਤਾ ਪਲਕ ਝਮਕਦਿਆਂ ਹੀ ਮੁੱਕ ਗਿਆ ਸੀ। ਘਰ ਨੇੜੇ ਪੁੱਜੇ ਤਾਂ ਸ਼ੈਲ ਨੇ ਅਮਰ ਦੀਆਂ ਅੱਖਾਂ 'ਚ ਡੁੱਬ ਕੇ ਕਿਹਾ, "ਅਗਲੀ ਭਦਾੜੀ ਤੇ ਵੀ ਸਾਡੇ ਨਾਲ ਚੱਲਿਓ ।" ਅੱਖਾਂ ਹੀ ਅੱਖਾਂ 'ਚ ਵਾਅਦਾ ਕਰਕੇ ਅਮਰ ਚੁਬਾਰੇ ਤੇ ਪਰਤ ਆਇਆ।

ਦੂਸਰੇ ਹੀ ਦਿਨ ਸ਼ਹਿਰੋਂ ਅਮਰ ਦੇ ਪਿਤਾ ਦਾ ਖ਼ਤ ਆ ਗਿਆ। ਜਿਸ ਵਿਚ ਉਹਨਾਂ ਜਲਦੀ ਹੀ ਅਮਰ ਦੀ ਬਦਲੀ ਉਸ ਪਿੰਡ ਤੋਂ ਸ਼ਹਿਰ ਕਰਾਉਣ ਬਾਰੇ ਲਿਖਿਆ ਸੀ। ਅਮਰ ਵੀ ਤੁਰੰਤ ਉੱਤਰ ਲਿਖਣ ਬੈਠ ਗਿਆ—

"ਪਾਪਾ ਜੀ, ਫਿਲਹਾਲ, ਮੈਂ ਇਹ ਸਟੇਸ਼ਨ ਛੱਡਣ ਦਾ ਫੈਸਲਾ ਬਦਲ ਲਿਆ ਹੈ ਇਸ ਲਈ...।"

1631-UT3/ਸੈਕਟਰ-3, ਤਲਵਾੜਾ ਟਾਊਨਸ਼ਿਪ-144216

★

ਨਜ਼ਮ

## ਰੰਗਾਂ ਦੇ ਧਰਮ/ਨੂਰ ਸੰਤੋਖਪੁਰੀ

ਕਿਸੇ ਖ਼ਾਸ ਰੰਗ ਦੇ
ਵਸਤਰ ਪਾ ਕੇ ਲੋਕ
ਜਦੋਂ ਨਿਕਲ ਆਉਂਦੇ ਨੇ
ਗਲੀਆਂ, ਬਾਜ਼ਾਰਾਂ 'ਚੋਂ ਹੁੰਦੇ ਹੋਏ
ਸੜਕਾਂ ਉੱਪਰ,
ਤੇ ਫੁੱਲਾਂ ਦੀਆਂ ਕਿਆਰੀਆਂ ਨੂੰ
ਮਿੱਧਦੇ ਚਲੇ ਜਾਂਦੇ ਨੇ
ਤਾਂ ਉਦੋਂ ਉਨ੍ਹਾਂ ਵੱਲ ਵੇਖ ਕੇ
ਦੋ ਸੁਆਲ
ਮੈਨੂੰ ਪਰੇਸ਼ਾਨ ਕਰਨ ਲੱਗ ਪੈਂਦੇ ਨੇ
ਕਿ ਧਰਮੀ ਲੋਕ
ਆਪਣੇ ਧਰਮ ਦੇ ਖ਼ਾਸ ਰੰਗ ਤੋਂ ਇਲਾਵਾ
ਹੋਰ ਕਿਸੇ ਰੰਗ ਨੂੰ
ਪਿਆਰ ਕਿਉਂ ਨਹੀਂ ਕਰਦੇ ?
ਕੀ ਰੰਗਾਂ ਦੇ ਵੀ ਹੁੰਦੇ ਨੇ
ਵੱਖੋ-ਵੱਖਰੇ ਧਰਮ ?

ਮੁਹੱਲਾ ਸੰਤੋਖਪੁਰਾ (ਜਲੰਧਰ)

## ਗ਼ਜ਼ਲ/ਮੀਆਂ ਸਲੀਮ ਜਹਾਂਗੀਰ

ਸਹੀ ਸ਼ਕਲ ਜ਼ੁਦਾਈ ਦੀ ਯਾਦ ਤੇ ਨਹੀਂ,
ਐਪਰ ਲੱਗੀ ਸੀ ਵਾਂਗ ਕਜ਼ਾ ਮੈਨੂੰ,
ਨਾਲੇ ਲੈਣਾ ਵੀ ਕੀ ਏ ਯਾਦ ਕਰਕੇ,
ਹੱਥੀਂ ਆਪ ਤੇ ਗਿਆ ਗਵਾ ਮੈਨੂੰ।

ਅਜੇ ਰਹਿਣ ਦੇ ਪਿੰਡੇ ਤੇ ਲੀਰ-ਲੱਪਾ,
ਅਜੇ ਪੈਰਾਂ ਤੋਂ ਸਫ਼ਰ ਦੇ ਜ਼ਖ਼ਮ ਨਾ ਧੋ,
ਲੰਮੀ ਧੂੜ 'ਚੋਂ ਨਿਕਲ ਕੇ ਬਾਹਰ ਆਇਆਂ,
ਜ਼ਰਾ ਖਿੱਚ ਕੇ ਲੈਣ ਦੇ ਸਾਹ ਮੈਨੂੰ।

ਗੂੜ੍ਹਾ ਧੂੰਆਂ ਏਂ ਸ਼ੱਕ ਦਾ ਚਿਹਰਿਆਂ ਤੇ,
ਅੱਖਾਂ ਵਿਚ ਕਰੋਧ ਦੀ ਅੱਗ ਭਖ਼ਦੀ,
ਮੈਂ ਯੂਸਫ਼ ਤੇ ਨਹੀਂ, ਪਰ ਲੱਗਦੇ ਓ,
ਖ਼ੌਰੇ ਤੁਸੀਂ ਕਿਉਂ ਉਹਦੇ ਭਰਾ ਮੈਨੂੰ।

ਕੱਖ ਸਮਝ ਕੇ ਫੂਕ ਜੇ ਮਾਰਨੀ ਏ,
ਪਹਿਲਾਂ ਆਪਣੀ ਅੱਖ ਤੇ ਬੰਦ ਕਰ ਲੈ,
ਕਿਸੇ ਕਬਰ ਦਾ ਦੀਵਾ ਤੇ ਨਹੀਂ ਆਂ ਮੈਂ,
ਪੱਲਾ ਕੂੰਜ ਲੈ, ਫੇਰ ਬੁਝਾ ਮੈਨੂੰ।

ਵਾਜਾਂ ਕੋਠੇ ਤੇ ਚੜ੍ਹ ਕੇ ਮਾਰਦੀ ਸੈਂ,
ਖੜ੍ਹੀ ਰਹਿ ਗਈ ਏਂ ਬਰਫ਼ ਦੇ ਬੁੱਤ ਵਾਂਗੂੰ,
ਤੇਰੇ ਬੁੱਲ੍ਹਾਂ ਨੂੰ ਸਿੱਤੀ ਕਿਉਂ ਲੱਗ ਗਈ ਏ,
ਗੱਲ ਕਰਕੇ ਕੋਈ ਰੁਆ ਮੈਨੂੰ।

ਘਰੋਂ ਸੋਚ ਕੇ ਅੱਜ ਮੈਂ ਨਿਕਲਿਆ ਸਾਂ,
ਦੁੱਖ ਆਪਣੇ ਈਂ ਵਰਗੇ ਨੂੰ ਦੱਸ ਦਿਆਂਗਾ,
ਬੰਦਾ ਇਕ ਵੀ ਮਿਲਿਆ ਨਹੀਂ ਸ਼ਹਿਰ ਵਿਚੋਂ,
ਮਿਲ ਗਏ ਨੇ ਕਈ ਖ਼ੁਦਾ ਮੈਨੂੰ।

(ਲਹਿਰਾਂ, ਜੂਨ 94, ਲਾਹੌਰ)

—o—



## 1984 ਤੋਂ ਪਿੱਛੋਂ ਦਾ ਪੰਜਾਬੀ ਗਲਪ-ਸਾਹਿਤ

ਰਾਮ ਸਰੂਪ ਅਣਖੀ

1985 ਦੇ ਮਨਹੂਸ ਵਰ੍ਹੇ ਨੇ ਪੰਜਾਬ ਦੇ ਇਤਿਹਾਸ ਤੇ ਪੰਜਾਬੀ ਮਾਨਸਿਕਤਾ ਉੱਤੇ ਮਾਰੂ ਪ੍ਰਭਾਵ ਪਾਇਆ, ਪਹਿਲਾਂ ਜੂਨ ਦਾ ਬਲਿਊ ਸਟਾਰ ਅਪਰੇਸ਼ਨ ਤੇ ਫੇਰ ਨਵੰਬਰ ਦੇ ਦਿੱਲੀ-ਦੰਗੇ। ਪੰਜਾਬ ਦੇ ਬੁੜ੍ਹੇ-ਟੁੱਟੇ ਲੋਕਾਂ ਨੇ ਆਰਥਿਕ ਪਹਿਲੂਆਂ ਤੋਂ ਇਕ ਲੰਮੀ ਲੜਾਈ ਆਰੰਭੀ ਹੋਈ ਸੀ-ਕੀ ਖੱਬੇ ਪੱਖੀ ਰਾਜਨੀਤਕ ਪਾਰਟੀਆਂ, ਕੀ ਵਿਦਿਆਰਥੀ ਵਰਗ ਤੇ ਮੁਲਾਜ਼ਮ ਯੂਨੀਅਨਾਂ, ਮਜ਼ਦੂਰ ਜਥੇਬੰਦੀਆਂ ਤੇ ਕੀ ਸਭਿਆਚਾਰਕ-ਸਾਹਿਤਕ ਸਭਾਵਾਂ, ਸਭ ਇਕ ਟੀਚਾ ਮਿੱਥ ਕੇ ਤੁਰੀਆਂ ਹੋਈਆਂ ਸਨ। ਦੇਸ਼ ਦੇ ਹਾਲਾਤ ਤੇਜ਼ ਗਤੀ ਨਾਲ ਬਦਲਣ ਲੱਗੇ—ਪਹਿਲਾਂ ਐਮਰਜੰਸੀ, ਫੇਰ ਜਨਤਾ ਪਾਰਟੀ ਦਾ ਰਾਜ ਤੇ ਮੁੜ ਫੇਰ ਇੰਦਰਾ-ਕਾਂਗਰਸ। ਅਕਾਲ ਤਖ਼ਤ ਢਹਿੰਦੇ ਹੀ ਧਰਤੀ-ਆਸਮਾਨ ਡੋਲ ਗਏ। ਤੇ ਫਿਰ ਨਵੰਬਰ 84 ਦੇ ਦਿੱਲੀ-ਦੰਗਿਆਂ ਸੰਤਾਲੀ ਭੁਲਾ ਦਿੱਤਾ।

ਕਤਲਾਂ ਦਾ ਇਕ ਲੰਮਾ ਸਿਲਸਿੱਲਾ..... ਹਿੰਦੂ ਵੀ ਮਾਰੇ ਜਾ ਰਹੇ ਹਨ, ਸਿੱਖ ਵੀ ਮਾਰੇ ਜਾ ਰਹੇ ਹਨ। ਪਰ ਹਿੰਦੂ-ਸਿੱਖ ਲੜਾਈ ਤਾਂ ਇਹ ਬਣ ਹੀ ਨਾ ਸਕੀ। ਹਾਂ 'ਹਿੰਦੂ' ਤੇ 'ਸਿੱਖ' ਦੋ ਸ਼ਬਦ ਬੜੀ ਸ਼ਿੱਦਤ ਤੇ ਗੰਭੀਰ ਅਹਿਸਾਸ ਨਾਲ ਸਾਹਮਣੇ ਆਏ। ਕਿਹੀ ਚੰਦਰੀ ਹਵਾ ਵਗੀ ਕਿ ਗੰਧਲੀ ਤੇ ਘਟੀਆ ਰਾਜਨੀਤੀ ਨੇ ਚੰਗੇ-ਭਲੇ ਵੱਸਦੇ-ਰੱਸਦੇ ਪੰਜਾਬੀ ਲੋਕਾਂ ਨੂੰ ਹਿੰਦੂ-ਸਿੱਖ ਬਣਾ ਕੇ ਰੱਖ ਦਿੱਤਾ। ਚਾਰੇ ਪਾਸੇ ਆਤੰਕ ਹੀ ਆਤੰਕ। ਲੇਖਕੀ-ਸੋਚ ਝੁੰਜਲਾ ਕੇ ਰਹਿ ਗਈ। ਕੀ ਸਮਾਜਵਾਦੀ ਚਿੰਤਨ ਸੁੰਨ ਹੋ ਗਿਆ ਸੀ? ਬਹੁ-ਗਿਣਤੀ ਪੰਜਾਬੀ ਲੇਖਕਾਂ ਦਾ ਕਥਨ ਸੀ— " ਆਪਣੇ ਵਰਗੇ ਲੋਕ ਕਿੱਥੇ ਦਿਨ-ਕਟੀ ਕਰਨ ? ਨਾ ਅਸੀਂ ਸਿੱਖ, ਨਾ ਹਿੰਦੂ, ਨਾ ਮੁਸਲਮਾਨ, ਨਾ ਬਾਮ੍ਹਣ, ਨਾ ਜੱਟ, ਨਾ ਮਜ਼੍ਹਬੀ। ਕਿੱਧਰ ਜਾਈਏ ਅਸੀਂ ? ਇਹਨਾਂ ਸਿਆਸਤਦਾਨਾਂ ਲਈ ਤਾਂ ਬੰਦੇ ਦਾ ਮੁੱਲ ਹੀ ਕੋਈ ਨਹੀਂ। ਪਰ ਅਸੀਂ ਕੀ ਕਰੀਏ ? ਜੇ ਕੋਈ ਹਿੰਦੂ ਮਰਦਾ ਹੈ ਤਾਂ ਸਾਡਾ ਅੰਦਰਲਾ ਕੁਝ ਮਾਰਿਆ ਜਾਂਦਾ ਹੈ, ਜੇ ਕੋਈ ਸਿੱਖ ਮਰਦਾ ਹੈ ਤਾਂ ਵੀ ਅਸੀਂ ਅੰਦਰੋਂ ਮਰਦੇ ਹਾਂ ਅਤੇ ਕੋਈ ਮੁਸਲਮਾਨ ਮਰਦਾ ਹੈ ਤਾਂ ਮਰਨ ਵਾਲੇ ਅਸੀਂ ਹੀ ਹੁੰਦੇ ਹਾਂ।"

ਪੰਜਾਬ ਸਮੱਸਿਆ ਨੂੰ ਸਮੇਟਦੀ ਪੰਜਾਬੀ ਕਵਿਤਾ ਤਾਂ ਬਹੁਤ ਲਿਖੀ ਗਈ, ਪਰ ਨਾਵਲ ਤੇ ਕਹਾਣੀ ਆਪਣੇ ਸੁਭਾਓ ਅਨੁਸਾਰ ਦੇਰ ਨਾਲ ਪੇਸ਼ ਹੋਏ, ਉਹ ਵੀ ਬਹੁਤ ਘੱਟ ਗਿਣਤੀ ਵਿਚ। ਨਾਵਲਾਂ ਵਿਚੋਂ ਜਸਵੰਤ ਸਿੰਘ ਕੰਵਲ ਦਾ 'ਐਨਿਆਂ 'ਚੋਂ ਉੱਠੇ ਸੂਰਮਾ' (1985), ਨਿੰਦਰ ਗਿੱਲ ਦੇ ਦੋ ਨਾਵਲ "ਪੰਜਾਬ-84" (1986) ਤੇ "ਦਹਿਸ਼ਤ ਦੇ ਦਿਨਾਂ ਵਿਚ" (1989), ਕਰਤਾਰ ਸਿੰਘ ਦੁੱਗਲ ਦਾ "ਫੁੱਲਾਂ ਦਾ ਸਾਥ" (1986), ਜਸਵੰਤ ਸਿੰਘ ਵਿਰਦੀ ਦਾ "ਲਹੂ ਭਿੱਜੇ ਵਰਕੇ" (1986), ਸ਼ਾਹ ਚਮਨ ਦਾ "ਜ਼ਖਮੀ ਗੁਲਾਬ" (1989) ਤੇ ਰਾਮ ਸਰੂਪ ਅਣਖੀ ਦਾ "ਜਿਨਿ ਸਿਰ ਸੋਹਨਿ ਪੱਟੀਆਂ" (1988) ਚਰਚਾ ਦਾ ਵਿਸ਼ਾ ਬਣੇ। ਪਰ ਇਹ ਤੇ ਕੀ ਪੰਜਾਬ ਸਮੱਸਿਆ ਸੰਬੰਧੀ ਲਿਖੇ ਗਏ ਹੋਰ ਨਾਵਲ ਵੀ ਕੋਈ ਗ਼ਲਪੀ-ਬਿੰਬ ਨਹੀਂ ਉਸਾਰ ਸਕੇ। ਇਹ ਨਾਵਲ ਅਖਬਾਰੀ ਘਟ-

ਨਾਵਾਂ ਉੱਤੇ ਆਧਾਰਿਤ ਜਜ਼ਬਾਤੀ ਵੇਰਵੇ ਹੀ ਜਾਪਣ ਲਗਦੇ ਹਨ। ਹਾਲਾਤ ਦੀ ਪਿੱਠ-
ਭੂਮੀ ਵਿਚ ਜਾ ਕੇ ਕਿਸੇ ਇਕ ਵੀ ਲੇਖਕ ਨੇ ਸਹੀ ਨਾਵਲ-ਰਚਨਾ ਨਹੀਂ ਕੀਤੀ। ਇਹਨਾਂ
ਨਾਵਲਾਂ ਦਾ ਓਹੀ ਹਸ਼ਰ ਹੋਇਆ, ਜਿਹੜਾ ਆਮ ਕਰਕੇ ਵਕਤੀ ਸਾਹਿਤ ਦਾ ਹੁੰਦਾ
ਆਇਆ ਹੈ। ਅਜਿਹਾ ਸਾਹਿਤ ਉਦੋਂ ਤਾਂ ਧੜਾਧੜ ਛਪਦਾ ਤੇ ਗਰਮ ਪਕੌੜਿਆਂ ਵਾਂਗ
ਵਿਕਦਾ ਹੈ ਪਰ ਉਸ ਦਾ ਸਾਹਿਤਕ ਮੁੱਲ ਦਿਨੋਂ ਦਿਨ ਘੱਟਦਾ ਜਾਂਦਾ ਹੈ ਤੇ ਅਖੀਰ ਮਰ-
ਮੁੱਕ ਜਾਂਦਾ ਹੈ।

ਇਹਨਾਂ ਵਰ੍ਹਿਆਂ ਵਿਚ ਗਿਣਤੀ ਪੱਖੋਂ ਜੇ ਵਧ ਨਾਵਲ ਲਿਖੇ ਗਏ ਤਾਂ ਨਾਲ ਦੀ
ਨਾਲ ਗੁਣਾਤਮਿਕ ਪੱਖੋਂ ਵੀ ਨਾਵਲ ਦੀ ਉਸਾਰੀ ਹੋਈ। ਪੰਜਾਬੀ ਨਾਵਲ-ਜਗਤ ਨੂੰ
ਨਵੇਂ ਪਾਸਾਰ ਮਿਲੇ। ਕਈ ਵਰ੍ਹਿਆਂ ਦੇ ਅੰਤਰਾਲ ਬਾਅਦ ਗੁਰਦਿਆਲ ਸਿੰਘ ਦਾ 'ਪਰਸਾ'
ਵਿਸ਼ੇਸ਼ ਖਿੱਚ ਦਾ ਕਾਰਨ ਬਣਿਆ; ਇਸ ਪੱਖੋਂ ਵੀ ਕਿ ਉਹ ਪੰਜਾਬੀ ਦੇ ਮੰਨੇ-ਪ੍ਰਮੰਨੇ
ਲੇਖਕ ਦਾ ਨਵਾਂ ਨਾਵਲ ਹੈ ਤੇ ਦੇਖੀਏ ਕਿ ਉਸ ਨੇ ਹੁਣ ਕੀ ਨਵਾਂ ਲਿਖਿਆ ਹੈ। ਮਿੱਤਰ
ਮਿੱਤਰ ਸੈਨ ਮੀਤ ਦਾ ਨਾਵਲ 'ਤਫ਼ਤੀਸ਼' (1990) ਪੁਲਿਸ ਸਭਿਆਚਾਰ ਨੂੰ ਨੰਗਾ ਕਰ
ਗਿਆ। ਐਨੀ ਗਹਿਰਾਈ ਤੇ ਵਿਸਥਾਰ ਵਿਚ ਪੁਲਿਸ ਦੇ ਕਿਰਦਾਰ ਬਾਰੇ ਪਹਿਲਾਂ ਕਦੇ
ਨਹੀਂ ਲਿਖਿਆ ਗਿਆ ਸੀ। ਸਵਰਨ ਚੰਦਨ ਦਾ 'ਕੰਜਕਾਂ' (1992) ਜਿੱਥੇ ਇੰਗਲੈਂਡ
ਜਾ ਕੇ ਵੱਸੇ ਪੰਜਾਬੀਆਂ ਦੀ ਦੁਰਦਸ਼ਾ ਨੂੰ ਬਿਆਨ ਕਰਦਾ ਹੈ, ਉਥੇ ਇਹ ਵਲਾਇਤੀ-
ਸਭਿਆਚਾਰ ਦੀ ਇਕ ਦਸਤਾਵੇਜ਼ੀ ਰਚਨਾ ਵੀ ਹੋ ਨਿੱਬੜਦਾ ਹੈ। ਐਸ. ਸਾਕੀ ਦਾ
ਨਾਵਲ 'ਛੋਟਾ ਸਿੰਘ' ਛੋਟੇ ਆਕਾਰ ਦਾ ਹੋ ਕੇ ਵੀ ਵੱਡੀ ਮੱਲ ਮਾਰ ਗਿਆ, ਜਦੋਂ ਕਿ
'ਵੱਡਾ ਆਦਮੀ' ਪੰਜਾਬੀ ਵਿਚ ਵੱਡ-ਆਕਾਰੀ ਨਾਵਲਾਂ ਦੀ ਲੜੀ ਨੂੰ ਅੱਗੇ ਤੋਰਦੀ
ਮਹਾਕਾਵਿਕ ਰਚਨਾ ਹੈ। ਜਸਦੇਵ ਸਿੰਘ ਧਾਲੀਵਾਲ ਨੇ "ਦਿਲ ਦਾ ਕੌਲ ਫੁੱਲ" (1989)
ਲਿਖ ਕੇ ਜਾਗੀਰਦਾਰੀ-ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਦਾ ਮੁਲੰਕਨ ਪੇਸ਼ ਕੀਤਾ,
ਉਥੇ ਪਾਕ-ਮੁਹੱਬਤ ਦੀ ਦਾਸਤਾਨ ਨੂੰ ਇਕ ਲੰਮੀ ਨਜ਼ਮ ਵਾਂਗ ਲਿਖਿਆ। ਪਿੱਛੋਂ ਉਹਦੇ
ਹੋਰ ਨਾਵਲ "ਕਾਲੇ ਦਿਨ" ਤੇ "ਚੰਗੇ ਦਿਨਾਂ ਦੀ ਉਡੀਕ" ਪੰਜਾਬ ਸਮੱਸਿਆ ਨੂੰ
ਆਪਣੇ ਕਲਾਵੇ ਵਿਚ ਲੈਂਦੇ ਪੰਜਾਬ ਦੀ ਪੇਂਡੂ ਸੰਸਕ੍ਰਿਤੀ ਦੀਆਂ ਕਈ ਹੋਰ ਅਣਜਾਣੀਆਂ
ਪਰਤਾਂ ਉਘਾੜ ਜਾਂਦੇ ਹਨ। ਰਾਜ ਕੁਮਾਰ ਗਰਗ ਥੁੜੇ-ਟੁੱਟੇ ਕਿਸਾਨਾਂ ਤੇ ਆੜ੍ਹਤੀਆਂ ਦੇ
ਅਟੁੱਟ ਸੰਬੰਧਾਂ ਨੂੰ ਉਜਾਗਰ ਕਰਦਾ ਨਾਵਲ "ਜੱਟ ਦੀ ਜੂਨ" (1988) ਲਿਖ ਕੇ ਨਵੇਂ
ਨਾਵਲਕਾਰਾਂ ਦੀ ਪਹਿਲੀ ਕਤਾਰ ਵਿਚ ਆ ਖੜ੍ਹਾ।

ਮੇਰਾ ਵੱਡ-ਆਕਾਰੀ ਨਾਵਲ "ਕੋਠੇ ਖੜਕ ਸਿੰਘ" (1985) ਪ੍ਰਕਾਸ਼ਿਤ ਹੁੰਦੇ ਹੀ
ਚਰਚਿਤ ਹੋ ਗਿਆ। ਉਹਨਾਂ ਦਿਨਾਂ ਵਿਚ ਪੰਜਾਬ ਸਮੱਸਿਆ ਪੂਰੀ ਭੱਖ ਉੱਠੀ ਸੀ।
ਪੰਜਾਬ ਸਮੱਸਿਆ ਨਾਲ ਸੰਬੰਧਿਤ ਰਚਨਾਵਾਂ ਹੀ ਲਿਖੀਆਂ ਜਾ ਰਹੀਆਂ ਸਨ ਤੇ ਪ੍ਰਕਾਸ਼ਿਤ
ਹੋ ਰਹੀਆਂ ਸਨ। ਹੈਰਾਨੀ ਦੀ ਗੱਲ ਸੀ ਕਿ ਪਿੰਡਾਂ ਦੀ ਆਰਥਿਕਤਾ, ਰਾਜਨੀਤੀ,
ਸਭਿਆਚਾਰ ਤੇ ਸਮਾਜ ਦੀਆਂ ਕਹਾਣੀਆਂ ਪਾਉਂਦੀ ਇਹ ਰਚਨਾ ਐਨੀ ਕਿਵੇਂ ਪੜ੍ਹੀ
ਗਈ? ਡਾ: ਸੁਤਿੰਦਰ ਸਿੰਘ ਨੂਰ ਨੇ ਇਸ ਨਾਵਲ ਬਾਰੇ ਲਿਖਿਆ—"ਪੰਜਾਬੀ ਸਮਾਜ



ਦਾ ਇਕ ਸਮੁੱਚੇ ਪਰਵਾਰ ਦੇ ਰੂਪ ਵਿਚ ਕਦੇ ਵਿਸ਼ਲੇਸ਼ਣ ਨਹੀਂ ਸੀ ਕੀਤਾ ਗਿਆ। ਇਹ
ਕੰਮ ਕਾਫੀ ਕਠਿਨ ਹੈ। ਟਾਲਸਟਾਇ ਵਰਗੇ ਰੂਸੀ ਨਾਵਲਕਾਰ ਇਹ ਕਰਦੇ ਰਹੇ ਹਨ।
ਰੂਸੀ ਇਨਕਲਾਬ ਤੋਂ ਪਹਿਲਾਂ ਸੰਘਰਸ਼ਸ਼ੀਲ ਰੂਸੀ ਲੋਕਾਂ ਦੀ ਚੇਤਨਾ ਬਣਾਉਣ ਵਿਚ
ਅਜਿਹੇ ਗਲਪ ਨੇ ਵੱਡਾ ਰੋਲ ਅਦਾ ਕੀਤਾ ਸੀ। ਪੰਜਾਬੀ ਵਿਚ ਅਜਿਹੇ ਪੱਧਰ ਤੇ
ਨਾਵਲ ਦਾ ਰਚਿਆ ਜਾਣਾ ਸੁਤੰਤਰ ਤੌਰ ਤੇ ਵੀ ਪੰਜਾਬ ਦੇ ਸਭਿਆਚਾਰਕ ਤੇ ਸਮਾਜਿਕ
ਵਿਸ਼ਲੇਸ਼ਣ ਦੀ ਲੋੜ ਨੂੰ ਜਤਾਉਂਦਾ ਹੈ। ਜੇ ਅਸੀਂ ਇਸ ਕਿਸਮ ਦੇ ਤਾਰਕਿਕ ਵਿਸ਼-
ਲੇਸ਼ਣ ਵਿਚੋਂ ਪੰਜਾਬੀਆਂ ਨੂੰ ਲੰਘਾਇਆ ਹੁੰਦਾ ਤਾਂ ਸ਼ਾਇਦ ਅੱਜ ਦਾ ਪੰਜਾਬ ਦਾ ਸੰਕਟ
ਕਿਸੇ ਹੋਰ ਤਰਾਂ ਦਾ ਹੁੰਦਾ ਜਾਂ ਇਹ ਸੰਕਟ ਹੁੰਦਾ ਹੀ ਨਾ।" 1993 ਵਿਚ ਪ੍ਰਕਾਸ਼ਿਤ
ਮੇਰਾ ਦੂਜਾ ਵੱਡਾ ਨਾਵਲ 'ਪਰਤਾਪੀ' ਵੀ ਓਨਾ ਹੀ ਚਰਚਿਤ ਹੋ ਰਿਹਾ ਹੈ ਤੇ ਇਹ
ਰਚਨਾ ਕਲਾ ਤੇ ਵਸਤੂ ਪੱਖੋਂ "ਕੋਠੇ ਖੜਕ ਸਿੰਘ" ਤੋਂ ਅੱਗੇ ਜਾਂਦੀ ਹੈ।

'ਕੋਠੇ ਖੜਕ ਸਿੰਘ' ਤੇ 'ਪਰਤਾਪੀ' ਜਿਥੇ ਮਲਵਈ ਸਭਿਆਚਾਰ ਨੂੰ ਪੇਸ਼ ਕਰਦੇ
ਹਨ, ਉਥੇ ਜਸਬੀਰ ਮੰਡ ਦਾ ਦੋ ਭਾਗਾਂ ਵਿਚ ਛਪਿਆ ਨਾਵਲ "ਔੜ ਦੇ ਬੀਜ"
(1986 ਤੇ 1989) ਪੁਆਧ ਖਿੱਤੇ ਦੀ ਆਂਚਲਿਕਤਾ ਨੂੰ ਦਰਸਾਉਂਦਾ ਹੈ। ਕਰਮਜੀਤ
ਕੁੱਸਾ ਜਿਹੜਾ ਕਦੇ 'ਰਾਤ ਦੇ ਰਾਹੀ' ਕਰਕੇ ਜਾਣਿਆ ਗਿਆ ਸੀ, "ਅੱਗ ਦਾ ਗੀਤ"
(1985) ਤੇ ਫੇਰ "ਜ਼ਖਮੀ ਦਰਿਆ" ਲਿਖ ਕੇ ਆਪਣੇ ਪੈਰ ਜਮਾ ਰਿਹਾ ਹੈ।

ਹੋਰ ਵੀ ਕਈ ਸਥਾਪਿਤ ਤੇ ਨਵ-ਸਥਾਪਿਤ ਨਾਵਲਕਾਰ ਹਨ, ਜਿਹਨਾਂ ਨੇ ਇੱਕ
ਤੋਂ ਵੱਧ ਨਾਵਲ ਛਾਪਕੇ ਜਿੱਥੇ ਆਪਣੀ ਲੇਖਣ-ਪ੍ਰਤਿਭਾ ਦਾ ਸਬੂਤ ਦਿੱਤਾ ਹੈ, ਉਥੇ ਪੰਜਾਬੀ
ਗਲਪ ਸਾਹਿਤ ਨੂੰ ਹੋਰ ਗਹਿਰਾਈ ਬਖਸ਼ੀ। ਕਰਤਾਰ ਸਿੰਘ ਦੁੱਗਲ ਜੋ ਆਪਣੀ ਕਲਮ
ਪ੍ਰਤੀ ਹਮੇਸ਼ਾਂ ਹੀ ਕਾਰਜਸ਼ੀਲ ਰਹਿੰਦਾ ਹੈ, ਨੇ "ਨਾਨਕ ਨਾਮ ਚੜ੍ਹਦੀ ਕਲਾ", "ਤੇਰੇ ਭਾਣੇ"
ਤੇ "ਸਰਬਤ ਦਾ ਭਲਾ" ਤ੍ਰਿਕੜੀ ਲਿਖਕੇ ਆਪਣੀ ਵਿਦਵਤਾ ਤੇ ਗਲਪ-ਕਲਾ ਦਾ ਸਿੱਕਾ
ਮਨਵਾ ਲਿਆ। ਇਸਤਰੀ ਲੇਖਕਾਵਾਂ ਅਜੀਤ ਕੌਰ, ਦਲੀਪ ਕੌਰ ਟਿਵਾਣਾ, ਚੰਦਨ ਨੇਗੀ,
ਬਲਜੀਤ ਕੌਰ ਬੱਲੀ ਤੇ ਬਲਵਿੰਦਰ ਕੌਰ ਬਰਾੜ ਦੇ ਨਾਵਲ ਨਾਰੀ-ਮੁਕਤੀ ਦਾ ਪੱਖ ਪੂਰ-
ਦੀਆਂ ਤੇ ਮਨੁੱਖੀ ਮਨ ਦੀਆਂ ਲੁਪਤ ਸੰਵੇਦਨਾਵਾਂ ਪੇਸ਼ ਕਰਦੀਆਂ ਰਚਨਾਂਵਾਂ ਹਨ। ਇਹਨਾਂ
ਵਰ੍ਹਿਆਂ ਵਿਚ ਹੀ ਪ੍ਰਕਾਸ਼ਿਤ ਬਲਦੇਵ ਸਿੰਘ, ਕੇ. ਐਲ. ਗਰਗ, ਪ੍ਰੇਮ ਗੋਰਖੀ, ਗੁਰਦੇਵ
ਸਿੰਘ ਰੁਪਾਣਾ, ਕੇਵਲ ਸੂਦ, ਨਛੱਤਰ, ਇਕਬਾਲਦੀਪ, ਜੋਗਿੰਦਰ ਕੈਰੋਂ, ਰਾਜ ਗਿੱਲ,
ਨਰਿੰਦਨ ਤਸਨੀਮ, ਐਸ. ਸੌਜ਼, ਗੁਰਮੁੱਖ ਸਿੰਘ ਸਹਿਗਲ, ਬਸੰਤ ਕੁਮਾਰ ਰਤਨ, ਯਾਦਵਿੰਦਰ
ਸਿੰਘ ਤਪਾ, ਮੋਹਨ ਕਾਹਲੋਂ, ਡਾ: ਅਮਰਜੀਤ ਸਿੰਘ, ਕੇਵਲ ਕਲੋਟੀ, ਓਮ ਪ੍ਰਕਾਸ਼ ਗਾਸੋ,
ਪਰਗਟ ਸਿੰਘ ਸਿੱਧੂ ਤੇ ਇੰਦਰ ਸਿੰਘ ਖਾਮੋਸ਼ ਦੇ ਨਾਵਲ ਵਰਨਣਯੋਗ ਹਨ।

ਗਿਣਤੀ ਪੱਖੋਂ ਦੇਖੀਏ ਤਾਂ 1984 ਤੋਂ 1994 ਦੇ ਵਰ੍ਹਿਆਂ ਦੌਰਾਨ ਪੰਜਾਹ ਤੋਂ
ਵੱਧ ਨਾਵਲ ਛਪੇ ਹਨ। ਦਸਾਂ ਸਾਲਾਂ ਵਿਚ ਐਨੇ ਨਾਵਲ ਪਹਿਲਾਂ ਕਦੇ ਨਹੀਂ ਛਪੇ ਸਨ।
ਪੰਜਾਬੀ ਗਲਪ-ਸਾਹਿਤ ਲਈ ਇਹ ਸ਼ੁਭ ਸ਼ਗਨ ਹੈ। ਜਦੋਂ ਕੋਈ ਸਾਹਿਤ ਅਮੀਰ ਹੋ ਰਿਹਾ
ਹੋਵੇ ਤਾਂ ਨਾਵਲ ਸਿਰ ਚੁੱਕਦਾ ਹੈ। ਨਾਵਲ ਰਾਹੀਂ ਹੀ ਕਿਸੇ ਕੌਮ, ਭੂਗੋਲਿਕ ਖਿੱਤੇ ਤੇ

ਭਾਸ਼ਾ-ਪਰਿਵਾਰ ਦਾ ਸਭਿਆਚਾਰ, ਇਤਿਹਾਸ ਤੇ ਤੜਪ ਪੇਸ਼ ਹੁੰਦੀ ਹੈ। ਇਸ ਮੁਕਾਮ
ਉਤੇ ਪਹੁੰਚ ਕੇ ਮੇਰੇ ਮਨ ਵਿਚ ਦੋ ਨੁਕਤੇ ਜਾਗਦੇ ਹਨ। ਪਹਿਲਾਂ ਚਿੰਤਾ ਦੀ ਗੱਲ ਕਰਦੇ
ਹਾਂ। ਪੰਜਾਬੀ ਨਾਵਲ ਦੀ ਉਮਰ ਸੌ ਸਾਲ ਤੋਂ ਉੱਤੇ ਚਲੀ ਗਈ ਹੈ। ਭਾਈ ਵੀਰ ਸਿੰਘ,
ਨਾਨਕ ਸਿੰਘ, ਸੁਰਿੰਦਰ ਸਿੰਘ ਨਰੂਲਾ, ਨਰਿੰਦਰਪਾਲ ਸਿੰਘ, ਕੇਸਰ ਸਿੰਘ, ਸੋਹਣ ਸਿੰਘ
ਸੀਤਲ, ਕਰਤਾਰ ਸਿੰਘ ਦੁੱਗਲ, ਸੁਖਬੀਰ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ,
ਦਲੀਪ ਕੌਰ ਟਿਵਾਣਾ ਤੇ ਨਰਿੰਜਨ ਤਸਨੀਮ ਆਦਿ ਕਰਕੇ ਪੰਜਾਬੀ ਨਾਵਲ ਮਹੱਤਵਪੂਰਨ
ਪੜਾਵਾਂ ਵਿਚ ਦੀ ਲੰਘਦਾ ਹੋਇਆ ਆਪਣੇ-ਆਪ ਵਿਚ ਇਕ ਨਿਸਚਿਤ ਸਥਾਨ ਬਣਾਈ
ਬੈਠਾ ਹੈ, ਪਰ ਭਾਰਤੀ ਪੱਧਰ ਉੱਤੇ ਪੰਜਾਬੀ ਨਾਵਲ ਦੀ ਕੋਈ ਪਹਿਚਾਣ ਨਹੀਂ ਹੈ।
ਪੰਜਾਬੀ ਦਾ ਕੋਈ ਇਕ ਨਾਵਲਕਾਰ ਵੀ ਐਨਾ ਵਿਆਪਕ ਤੌਰ ਉੱਤੇ ਨਹੀਂ ਪੜ੍ਹਿਆ
ਗਿਆ, ਜਿਵੇਂ ਬੰਗਾਲੀ ਨਾਵਲਕਾਰਾਂ ਦੀ ਪਹਿਚਾਣ ਬਣੀ ਹੋਈ ਹੈ ਜਾਂ ਜਿਵੇਂ ਹਿੰਦੀ,
ਉਰਦੂ ਤੇ ਅੰਗਰੇਜ਼ੀ ਨਾਵਲਕਾਰਾਂ ਦਾ ਸਥਾਨ ਹੈ। ਸੰਤੋਸ਼ ਇਸ ਗੱਲ ਦਾ ਕਿ ਪੰਜਾਬੀ ਦਾ
ਨਾਵਲ ਹੁਣ ਉੱਠ ਖੜ੍ਹਾ ਹੈ। ਵੱਡ-ਆਕਾਰੀ ਨਾਵਲ ਵੱਧ ਤਾਦਾਦ ਵਿਚ ਲਿਖਿਆ ਜਾਣ
ਲੱਗ ਪਿਆ ਹੈ। ਵਿਸ਼ਿਆਂ ਪੱਖੋਂ ਵਿਵਿਧਤਾ ਆਈ ਹੈ। ਪਿਛਲੇ ਦਸ-ਬਾਰਾਂ ਵਰ੍ਹਿਆਂ
ਦੌਰਾਨ ਪੰਜਾਬ ਵਿਚ ਇਕ ਵੱਡਾ ਨਰ-ਸੰਹਾਰ ਹੋਇਆ। ਚਾਹੇ ਉਹ "ਭਟਕੇ ਨੌਜਵਾਨ
ਸਨ, ਚਾਹੇ ਪੁਲਸੀਏ ਸਨ, ਚਾਹੇ ਭਟਕੇ ਨੌਜਵਾਨਾਂ ਹੱਥੋਂ ਮਾਰੇ ਗਏ ਦੋਵਾਂ ਫਿਰਕਿਆਂ ਦੇ
ਲੋਕ, ਲਗਭਗ ਪੰਜਾਹ ਹਜ਼ਾਰ ਪੰਜਾਬੀ ਮਾਰਿਆ ਗਿਆ। ਇਹ ਕੋਈ ਛੋਟੀ-ਮੋਟੀ ਘਟਨਾ
ਨਹੀਂ। ਪੰਜਾਬੀ ਕੌਮ ਤਬਾਹ ਹੋਈ ਹੈ। ਇਸ ਸਮੇਂ ਦੌਰਾਨ ਤੱਤ-ਭੜੱਥੀ ਜੋ ਵੀ ਲਿਖਿਆ
ਗਿਆ, ਆਪਣੇ ਆਪ ਵਿਚ ਰੱਦ ਹੁੰਦਾ ਗਿਆ ਹੈ। ਅਜਿਹਾ ਗਲਪ ਅਖਬਾਰੀ ਰਿਪੋਰਟਾਂ
ਤੋਂ ਵੱਧ ਕੁੱਝ ਨਹੀਂ ਸੀ। ਹੁਣ ਵੇਲਾ ਆ ਗਿਆ ਹੈ, ਜਦੋਂ ਕਿ ਪੰਜਾਬ ਸਮੱਸਿਆ ਬਾਰੇ
ਸਹੀ ਨਾਵਲ ਲਿਖਿਆ ਜਾਵੇਗਾ। ਦੇਖਦੇ ਹਾਂ, ਕੌਣ ਨਿੱਤਰਦਾ ਹੈ, ਅਜਿਹਾ ਇਕ ਨਾਵਲ
ਜੋ ਗਲਪ-ਬਿੰਬਾਂ ਤੇ ਇਤਿਹਾਸ ਦੀ ਨਵੇਂ ਸਿਰਿਓਂ ਸਿਰਜਣਾ ਕਰਦਾ ਹੋਵੇ। ਜਿਸ ਰਚਨਾ
ਦੀ ਸਮੁੱਚੇ ਸੰਸਾਰ-ਸਾਹਿਤ ਵਿਚ ਗਿਣਤੀ ਹੋਵੇ।

ਜਿਵੇਂ ਕਿ ਮੈਂ ਪਿਛਾਂਹ ਵੀ ਕਿਧਰੇ ਇਹ ਗੱਲ ਕਹੀ ਹੈ ਕਿ ਜੂਨ-84 ਤੇ ਨਵੰਬਰ-
84 ਦੀਆਂ ਦਿਲ ਕੰਬਾਊ ਘਟਨਾਵਾਂ ਤੇ ਜੋ ਕੁੱਝ ਬਾਅਦ ਵਿਚ ਵਾਪਰਦਾ ਰਿਹਾ,
ਨੇ ਲੇਖਕੀ ਸੋਚ ਸੁੰਨ ਕਰਕੇ ਰੱਖ ਦਿਤੀ, ਉਵੇਂ ਹੀ ਨਾਵਲ ਵਾਂਗ ਕਹਾਣੀ ਨਾਲ ਹੋਇਆ।
ਆਰਥਿਕ, ਸਮਾਜਿਕ ਤੇ ਜਿਣਸੀ ਪਹਿਲੂਆਂ ਤੋਂ ਲਿਖੀਆਂ ਜਾ ਰਹੀਆਂ ਕਹਾਣੀਆਂ ਬੰਦ
ਹੋ ਗਈਆਂ। ਜੇ ਕਿਧਰੇ ਕੋਈ ਅਜਿਹੀ ਕਹਾਣੀ ਲਿਖ ਰਿਹਾ ਸੀ ਤਾਂ ਉਸ ਦਾ ਕੋਈ ਅਰਥ
ਨਹੀਂ ਰਹਿ ਗਿਆ ਸੀ। ਪੰਜਾਬੀ ਮਾਨਸਿਕਤਾ ਟੁੱਟਣ ਦੇ ਗਹਿਰੇ ਦਰਦ ਨੂੰ ਕਵਿਤਾ
ਪਿੱਛੋਂ ਕਹਾਣੀ ਵੀ ਆਪਣੇ-ਆਪ ਵਿਚ ਹੌਲੀ-ਹੌਲੀ ਸਮੋਣ ਲੱਗੀ। ਇਕ-ਇਕ ਕਹਾਣੀ
ਤਾਂ ਲਗਭਗ ਸਭ ਨੇ ਲਿਖੀ। ਪਹਿਲੇ ਦੌਰ ਵਿਚ ਲਿਖੀਆਂ ਗਈਆਂ ਕਹਾਣੀਆਂ ਵਿਚੋਂ
ਵਰਿਆਮ ਸਿੰਘ ਸੰਧੂ ਦੀ 'ਭੱਜੀਆਂ ਬਾਹਾਂ', ਪ੍ਰੇਮ ਪ੍ਰਕਾਸ਼ ਦੀ 'ਇਹ ਉਹ ਜਸਬੀਰ ਨਹੀਂ''
ਗੁਰਬਚਨ ਸਿੰਘ ਭੁੱਲਰ ਦੀ 'ਕੀ ਜਾਣਾ ਮੈਂ ਕੌਣ', ਗੁਲਜ਼ਾਰ ਸਿੰਘ ਸੰਧੂ ਦੀ 'ਮੁਰਗੇ ਦਾ
ਪੰਜਾ', ਮੋਹਨ ਭੰਡਾਰੀ ਦੀ 'ਸ਼ਾਂਝ', ਕੇ. ਐਲ. ਗਰਗ ਦੀ 'ਅੱਖ ਦਾ ਪਾਣੀ', ਬਲਦੇਵ



ਸਿੰਘ ਦੀ 'ਰਾਤ ਦੀ ਕੁੱਖ ਵਿਚਲਾ ਸੂਰਜ', ਅਜੀਤ ਸਿੰਘ ਪੱਤੋ ਦੀ 'ਇਕ ਨਵੰਬਰ-84',
ਜਸਬੀਰ ਭੁੱਲਰ ਦੀ 'ਬੁੱਢੀ ਲੂੰਬੜੀ ਤੇ ਜੰਗਲੀ ਘੋੜੇ', ਦਲਬੀਰ ਚੇਤਨ ਦੀ 'ਧਰਮ ਯੁੱਧ
ਜਾਰੀ ਹੈ', ਰਾਜ ਕੁਮਾਰ ਗਰਗ ਦੀ 'ਪਰਵਾਸ', ਮਹਿੰਦਰ ਫਾਰਗ ਦੀ 'ਰੱਤ ਕੁੰਡ', ਨਛੱਤਰ
ਦੀ 'ਇਹ ਮੈਂ ਹੀ ਸੀ', ਦਰਸ਼ਨ ਮਿਤਵਾ ਦੀ 'ਰੂਹ ਦੀ ਸ਼ਾਂਤੀ ਲਈ'' ਜਰਨੈਲ ਪੁਰੀ
ਦੀ 'ਗੁਰੂ ਦੇ ਸਿੱਖ', ਤੇ ਮੇਰੀ ਕਹਾਣੀ 'ਆਪਣੀ ਧਰਤੀ' ਖੂਬ ਚਰਚਿਤ ਰਹੀਆਂ। ਫੇਰ
ਅਗਲੇ ਵਰ੍ਹਿਆਂ ਵਿਚ ਕੁੱਝ ਹੋਰ ਕਹਾਣੀਆਂ ਸਾਹਮਣੇ ਆਈਆਂ। ਇਹਨਾਂ ਵਿਚੋਂ ਜਸਬੀਰ
ਭੁੱਲਰ ਦੀ 'ਅਲੀ ਬਾਬਾ ਤੇ ਪਾਗਲ ਹਵਾ', ਵਰਿਆਮ ਸਿੰਘ ਸੰਧੂ ਦੀ 'ਚੌਥੀ ਕੂਟ',
ਕਰਤਾਰ ਸਿੰਘ ਦੁੱਗਲ ਦੀ 'ਪੰਜਾਬ ਸਿੰਘ', ਗੁਰਬਚਨ ਸਿੰਘ ਭੁੱਲਰ ਦੀ 'ਵਿਰਲਾਂ ਵਿਚੋਂ
ਝਾਕਦਾ ਹਨ੍ਹੇਰਾ', ਪ੍ਰੇਮ ਗੋਰਖੀ ਦੀ 'ਕੁੰਡਾ', ਬਲਵਿੰਦਰ ਕੌਰ ਬਰਾੜ ਦੀ 'ਮਿੱਟੀ ਨਾ ਫਰੋਲ
ਜੋਗੀਆ', ਦਵਿੰਦਰ ਮੰਡ ਦੀ 'ਬਹਾਰ ਫਿਰ ਆਏਗੀ' ਤੇ ਮੇਰੀ ਕਹਾਣੀ 'ਹੱਡੀਆਂ' ਦੀ
ਗੱਲ ਤੁਰੀ। ਪੰਜਾਬ ਸਮੱਸਿਆ ਬਾਰੇ ਲਿਖੀਆਂ ਗਈਆਂ ਪਹਿਲੀਆਂ ਕਹਾਣੀਆਂ ਨਾਲੋਂ
ਇਹਨਾਂ ਪਿਛਲੀਆਂ ਕਹਾਣੀਆਂ ਦੇ ਪ੍ਰਭਾਵ ਵਿਚ ਫਰਕ ਹੈ। ਸੱਚ ਤਾਂ ਇਹ ਹੈ ਕਿ 1984
ਤੋਂ ਬਾਅਦ ਜਿਓਂ ਜਿਉਂ ਸਮੱਸਿਆ ਹੋਰ ਉਲਝਦੀ ਗਈ ਜਾਂ ਇਹਦਾ ਰੰਗ ਬਦਲਦਾ
ਗਿਆ, ਤਿਉਂ ਤਿਉਂ ਕਹਾਣੀਆਂ ਦਾ ਰੰਗ ਬਦਲਦਾ ਗਿਆ। ਇੱਕੋ ਲੇਖਕ ਨੇ ਪਹਿਲਾਂ
ਹੋਰ ਪ੍ਰਭਾਵ ਦੀ ਕਹਾਣੀ ਲਿਖੀ ਤੇ ਫਿਰ ਕੁੱਝ ਵਰ੍ਹਿਆਂ ਬਾਅਦ ਹੋਰ ਪ੍ਰਭਾਵ ਦੀ। ਕਹਿ
ਸਕਦੇ ਹਾਂ ਕਿ 1984 ਤੋਂ 1994 ਤੱਕ ਪੰਜਾਬ ਸਮੱਸਿਆ ਨੂੰ ਲੈ ਕੇ ਇਕ ਸੌ ਤੋਂ ਵੱਧ
ਕਹਾਣੀਆਂ ਲਿਖੀਆਂ ਗਈਆਂ। ਇਹ ਕਹਾਣੀਆਂ ਵੱਖ ਵੱਖ ਮਾਸਕ ਪੱਤਰਾਂ ਵਿਚ ਛਪਦੀਆਂ
ਰਹੀਆਂ ਹਨ। ਅਖਬਾਰਾਂ ਵਿਚ ਛਪਦੀਆਂ ਕਹਾਣੀਆਂ ਦੀ ਗਿਣਤੀ ਕਰੀਏ ਤਾਂ ਇਹ
ਤਾਦਾਦ ਕਿਤੇ ਵੱਧ ਹੋ ਜਾਵੇਗੀ। ਇਹ ਤਾਂ ਨਿਸ਼ਚਿਤ ਹੈ ਕਿ ਸਮਾਂ ਬੀਤ ਜਾਣ ਉਪਰੰਤ
ਗਿਣਤੀ ਦੀਆਂ ਵੀਹ-ਤੀਹ ਕਹਾਣੀਆਂ ਹੀ ਬਾਕੀ ਰਹਿ ਜਾਣਗੀਆਂ, ਜਿਹਨਾਂ ਦਾ ਵਰਨਣ
ਪੰਜਾਬ ਸਮੱਸਿਆ ਦੀ ਸਹੀ ਤਰਜਮਾਨੀ ਦੇ ਅੰਤਰਗਤ ਕੀਤਾ ਜਾ ਸਕੇਗਾ।

ਨੌਵੇਂ ਦਹਾਕੇ ਨੂੰ ਪੰਜਾਬੀ ਸਾਹਿਤ ਦਾ 'ਕਹਾਣੀ ਦਹਾਕਾ' ਕਹਿ ਲਿਆ ਜਾਵੇ ਤਾਂ
ਕੋਈ ਅਤਿਕਥਨੀ ਨਹੀਂ ਹੋਵੇਗੀ। ਪੰਜਾਬੀ ਨਾਵਲ ਤੇ ਪੰਜਾਬੀ ਕਵਿਤਾ ਦੇ ਮੁਕਾਬਲੇ
ਇਸ ਦਹਾਕੇ ਦੌਰਾਨ ਪੰਜਾਬੀ ਕਹਾਣੀ ਦਾ ਬਹੁਤ ਬੋਲਬਾਲਾ ਰਿਹਾ। ਚੋਣਵੀਆਂ ਕਹਾ-
ਣੀਆਂ ਦੇ ਜਿੰਨੇ ਸੰਗ੍ਰਹਿ ਇਸ ਦਹਾਕੇ ਦੌਰਾਨ ਤੇ ਹੁਣ 1994 ਤੱਕ ਵੀ ਛਪੇ ਹਨ, ਓਨੇ
ਪਹਿਲਾਂ ਕਦੇ ਨਹੀਂ ਛਪੇ ਸਨ। ਇਹ ਤੱਥ ਨਿਸ਼ਚੇ ਹੀ ਪੰਜਾਬੀ ਕਹਾਣੀ ਦੀ ਚੜ੍ਹਤ ਦਾ
ਪ੍ਰਤੀਕ ਹੈ।

ਦਸੰਬਰ-1987 ਵਿਚ ਪੰਜਾਬੀ ਅਕਾਡਮੀ, ਦਿੱਲੀ ਵਲੋਂ ਇਕ ਵਿਸ਼ਾਲ ਕਹਾਣੀ-
ਦਰਬਾਰ ਕਰਵਾਇਆ ਗਿਆ, ਜਿਸ ਵਿਚ ਲਗਾਤਾਰ ਤਿੰਨ ਦਿਨ 27-28 ਕਹਾਣੀਆਂ
ਪੜ੍ਹੀਆਂ ਗਈਆਂ ਤੇ ਵਿਚਾਰੀਆਂ ਵੀ ਜਾਂਦੀਆਂ ਰਹੀਆਂ। ਇਸ ਕਹਾਣੀ-ਦਰਬਾਰ ਦਾ
ਪ੍ਰਬੰਧ ਕਹਾਣੀਕਾਰ ਅਜੀਤ ਕੌਰ ਨੇ ਕੀਤਾ ਸੀ। ਹੁਣ ਤੱਕ ਵੀ ਇਸ ਨੂੰ ਅਜੀਤ ਕੌਰ ਵਾਲਾ
ਕਹਾਣੀ ਦਰਬਾਰ ਕਹਿਕੇ ਯਾਦ ਕੀਤਾ ਜਾਂਦਾ ਹੈ। ਬਾਅਦ ਵਿਚ 'ਕਹਾਣੀ ਦਰਬਾਰ'

(1989) ਦੇ ਨਾਂ ਨਾਲ ਹੀ ਸੰਗ੍ਰਹਿ ਛਪਿਆ, ਜਿਸ ਵਿਚ 18 ਉਹ ਕਹਾਣੀਆਂ ਸਨ, ਜਿਹੜੀਆਂ ਉਥੇ ਪੜ੍ਹੀਆਂ ਗਈਆਂ ਸਨ ।

ਪੰਜਾਬ ਸਾਹਿਤ ਅਕਾਡਮੀ, ਚੰਡੀਗੜ੍ਹ ਵਲੋਂ ਪ੍ਰਕਾਸ਼ਿਤ 'ਕਥਾ-ਧਾਰਾ' (ਸੰਪਾਦਕ : ਵਰਿਆਮ ਸਿੰਘ ਸੰਧੂ) ਤੇ 'ਨਵੀਂ ਰੁੱਤ ਦੇ ਜੁਗਨੂੰ' (ਸੰਪਾਦਕ : ਜਸਬੀਰ ਭੁੱਲਰ) ਪੰਜਾਬੀ ਕਹਾਣੀ ਸਾਹਿਤ ਦੀ ਸ਼ਾਨਦਾਰ ਪ੍ਰਾਪਤੀ ਸਿੱਧ ਹੋਏ । ਜਿੱਥੇ ਸੰਧੂ ਵਾਲੇ ਸੰਗ੍ਰਹਿ ਵਿਚ ਪ੍ਰੌਢ ਤੇ ਸਥਾਪਤ ਲੇਖਕਾਂ ਦੀਆਂ ਚੋਣਵੀਆਂ ਕਹਾਣੀਆਂ ਹਨ, ਉਥੇ ਭੁੱਲਰ ਵਾਲੇ ਸੰਗ੍ਰਹਿ ਵਿਚ ਉਹਨਾਂ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਸ਼ਾਮਲ ਹਨ, ਜਿਹਨਾਂ ਦਾ ਕੋਈ ਕਹਾਣੀ-ਸੰਗ੍ਰਹਿ ਨਹੀਂ ਛਪਿਆ ਸੀ ।

ਪੰਜਾਬੀ ਅਕਾਦਮੀ ਦਿੱਲੀ ਵਲੋਂ ਪ੍ਰਕਾਸ਼ਿਤ ਤੇ ਕਰਤਾਰ ਸਿੰਘ ਦੁੱਗਲ ਦੁਆਰਾ ਸੰਪਾਦਿਤ "ਪਿਛਲੇ ਦਹਾਕੇ ਦੀ ਪੰਜਾਬੀ ਕਹਾਣੀ" (1993) ਜਿਸ ਵਿਚ ਕਹਾਣੀਆਂ ਦੀ ਸੂਚੀ ਦੁੱਗਲ, ਅੰਮ੍ਰਿਤਾ, ਵਿਰਕ, ਸਤਿਆਰਥੀ, ਸਰਨਾ, ਸੁਖਬੀਰ, ਧੀਰ, ਅਜੀਤ ਕੌਰ, ਗੁਰਦਿਆਲ, ਵਿਰਦੀ, ਟਿਵਾਣਾ, ਪ੍ਰੇਮ ਪ੍ਰਕਾਸ਼ ਤੋਂ ਲੈ ਕੇ ਗੁਰਬਚਨ ਸਿੰਘ ਭੁੱਲਰ, ਰੁਪਾਣਾ, ਵਰਿਆਮ ਸੰਧੂ, ਜਸਬੀਰ ਭੁੱਲਰ, ਮੋਹਨ ਭੰਡਾਰੀ ਵਿਚ ਦੀ ਹੁੰਦੀ ਹੋਈ ਬਲਦੇਵ ਸਿੰਘ, ਕੇ. ਐਲ. ਗਰਗ, ਬਚਿੰਤ ਕੌਰ, ਪ੍ਰੇਮ ਗੋਰਖੀ, ਨਛੱਤਰ ਆਦਿ 47 ਨਾਵਾਂ ਤੱਕ ਪਹੁੰਚ ਜਾਂਦੀ ਹੈ । ਏਦਾਂ ਹੀ ਸਾਹਿਤ ਅਕਾਡਮੀ, ਦਿੱਲੀ ਵਲੋਂ ਪ੍ਰਕਾਸ਼ਿਤ ਤੇ ਗੁਰਬਚਨ ਸਿੰਘ ਭੁੱਲਰ ਦੁਆਰਾ ਸੰਪਾਦਿਤ ਸਮਕਾਲੀ 'ਪੰਜਾਬੀ ਕਹਾਣੀ' (1993) ਵਿਚ 22 ਚੋਣਵੀਆਂ ਕਹਾਣੀਆਂ ਛਪੀਆਂ ਹਨ । ਨੈਸ਼ਨਲ ਬੁੱਕ ਟਰੱਸਟ, ਇੰਡੀਆ ਵਲੋਂ ਡਾਕਟਰ ਹਰਭਜਨ ਸਿੰਘ ਦੁਆਰਾ ਸੰਪਾਦਿਤ 'ਕਥਾ ਪੰਜਾਬ' ਦਾ ਪਹਿਲਾ ਭਾਗ 1970 ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ, ਇਸ ਵਿਚ 21 ਕਹਾਣੀਆਂ ਸ਼ਾਮਲ ਸਨ । 'ਕਥਾ ਪੰਜਾਬ' ਦਾ ਦੂਜਾ ਭਾਗ 1994 ਵਿਚ ਛਪਿਆ ਹੈ, ਇਸ ਵਿਚ 32 ਕਹਾਣੀਕਾਰਾਂ ਦੀ ਇਕ-ਇਕ ਕਹਾਣੀ ਹੈ । ਇਹ ਉਹ ਨਵੇਂ ਕਹਾਣੀਕਾਰ ਹਨ, ਜਿਹੜੇ ਪਹਿਲੇ ਭਾਗ ਵਿਚ ਸ਼ਾਮਲ ਨਹੀਂ ਸਨ ਜਾਂ ਲੇਖਕ ਵਜੋਂ ਉਦੋਂ ਜੰਮੇ ਹੀ ਨਹੀਂ ਸਨ ।

ਇਹਨਾਂ ਵਰ੍ਹਿਆਂ ਦੌਰਾਨ ਉਰਦੂ ਤੇ ਹਿੰਦੀ ਵਿਚ ਅਨੁਵਾਦ ਹੋ ਕੇ ਛਪੇ ਚੋਣਵੀਆਂ ਕਹਾਣੀਆਂ ਦੇ ਸੰਗ੍ਰਹਿ ਖ਼ਾਸ ਮਹੱਤਵ ਰੱਖਦੇ ਹਨ । ਰਤਨ ਸਿੰਘ ਦੁਆਰਾ ਅਨੁਵਾਦਿਤ ਤੇ ਸੰਪਾਦਿਤ ਉਰਦੂ ਸੰਗ੍ਰਹਿ 'ਨੁਮਾਇੰਦਾ ਪੰਜਾਬੀ ਅਫਸਾਨੇ' (1993) ਉਰਦੂ ਅਕਾਦਮੀ ਦਿੱਲੀ ਨੇ ਛਾਪਿਆ ਹੈ ਤੇ ਇਸ ਵਿਚ 26 ਕਹਾਣੀਆਂ ਸ਼ਾਮਲ ਹਨ । ਏਵੇਂ ਵੀ ਕਮਲੇਸ਼ਵਰ ਦੁਆਰਾ ਸੰਪਾਦਿਤ 'ਭਾਰਤੀਯ ਸਿਖਰ ਕਥਾ-ਕੋਸ਼, ਪੰਜਾਬੀ ਕਹਾਣੀਆਂ' (1991) ਨਵੀ ਦਿੱਲੀ ਦੇ 'ਪੁਸਤਕਾਯਨ' ਅਦਾਰੇ ਵਲੋਂ ਛਾਪਿਆ ਗਿਆ ਹੈ, ਇਸ ਵਿਚ 27 ਚੋਣਵੀਆਂ ਕਹਾਣੀਆਂ ਸ਼ਾਮਲ ਹਨ । ਅਜਿਹਾ ਹੋਣ ਨਾਲ ਪੰਜਾਬੀ ਕਹਾਣੀ ਦਾ ਖੇਤਰ ਵਿਸ਼ਾਲ ਹੋਇਆ ਹੈ । ਗਰਬਚਨ ਸਿੰਘ ਭੁੱਲਰ ਦੀਆਂ ਚੋਣਵੀਆਂ 14 ਕਹਾਣੀਆ ਦਾ ਉਰਦੂ-ਅਨੁਵਾਦ 'ਸੁਬਹ ਕਿਤਨੀ ਖ਼ੂਬਸੂਰਤ ਹੈ' (1985) ਤੇ ਰਾਮ ਸਰੂਪ ਅਣਖੀ ਦੀਆਂ ਚੋਣਵੀਆਂ 21 ਕਹਾਣੀਆਂ ਦਾ ਅੰਗਰੇਜ਼ੀ ਅਨੁਵਾਦ 'ਰਿੰਕਲਜ਼' (1987)

(ਬਾਕੀ ਸਫਾ 37 ਤੇ)





## ਅੱਜ ਦੀ ਕਵਿਤਾ/ਭੁਪਿੰਦਰ ਸਿੰਘ ਸੱਗੂ

ਅੱਜ ਦੀ ਕਵਿਤਾ ਬੇਲੇ ਅੰਦਰ
ਨਾ ਕੋਈ ਚੂਰੀ ਕੁੱਟ ਖਵਾਵੇ,
ਗੋਰਖ ਨਾਥ ਦੇ ਟਿੱਲੇ ਉੱਤੋਂ
ਨਾ ਇਹ ਯੋਗ ਲੈਣ ਨੂੰ ਜਾਵੇ ।

ਅੱਜ ਦੀ ਕਵਿਤਾ ਸੱਚੀ, ਕੋਰੀ
ਸਦਾ ਤਰਕ ਦੇ ਬਾਣ ਚਲਾਵੇ,
ਸਿਰ 'ਤੇ ਖ਼ੱਫ਼ਣ ਬੰਨ੍ਹ ਕੇ ਤੁਰਦੀ
ਭਲੇ ਸਿਰਾਂ ਦੀ ਖ਼ੈਰ ਮਨਾਵੇ ।

ਅੱਜ ਦੀ ਕਵਿਤਾ ਕਤਲਗਾਹਾਂ 'ਚੋਂ
ਪਲ ਪਲ ਲਾਸ਼ਾਂ ਗਿਣ ਕੇ ਆਵੇ,
ਹਾਕਮ ਦੀ ਕਰਤੂਤ ਦੇ ਉੱਤੋਂ
ਹਰ ਪਲ ਕੂੜ-ਮੁਖੌਟਾ ਲ੍ਹਾਵੇ ।

ਅੱਜ ਦੀ ਕਵਿਤਾ ਠੋਕ ਵਜਾ ਕੇ
ਝੁੱਗੀਆਂ ਦੇ ਦਿਲ ਰੋਸ ਜਗਾਵੇ,
ਕਿਰਤ-ਕਲਾ ਦੇ ਕੱਕਰੇ ਸੀਨੇ
ਰਹਿ ਰਹਿ ਰੋਹ ਦੀ ਜਾਗ ਲਗਾਵੇ ।

ਅੱਜ ਦੀ ਕਵਿਤਾ ਗਿਰਗਿਟ ਵਾਂਗੂੰ
ਮੂਲ ਨਾ ਆਪਣਾ ਭੇਸ ਵਟਾਵੇ,
ਭਾਵੇਂ ਕਾਫ਼ਰ ਮਜ਼੍ਹਬਾਂ ਵਾਲੇ
ਨਿੱਤ ਬਦਲਦੇ ਨੇ ਪਹਿਰਾਵੇ ।

ਅੱਜ ਦੀ ਕਵਿਤਾ ਸੀਤਾ ਵਰਗੀ
ਵਣ-ਲੰਕਾ ਦਾ ਪੰਧ ਮੁਕਾਵੇ,
ਪੈਰਾਂ ਦੀਆਂ ਬਿਆਈਆਂ ਭੁੱਲੇ
ਤੁਰੇ ਯਾਤਰੀ ਮੰਜ਼ਿਲ ਪਾਵੇ ।

ਅੱਜ ਦੀ ਕਵਿਤਾ ਬੰਧਨ ਤੋੜੇ
ਦੰਭ ਦਾ ਧਰਮ ਨਾ ਮੂਲ ਹੰਢਾਵੇ,
ਸੌਂਹ ਕਵਿਤਾ ਦੀ ! ਅੱਜ ਦੀ ਕਵਿਤਾ
ਵੱਟਾਂ, ਵੰਡੀਆਂ ਮੂਲ ਨਾ ਪਾਵੇ ।

61, Fowler St. Penn Wolverhampton, England.

ਨਜ਼ਮ

## ਬਾਲ ਵਿਧਵਾ/ਨਦੀਮ ਪਰਮਾਰ

ਮੈਂ ਪੰਜਾਬ ਦੀ ਧਰਤੀ ਜੰਮੀਂ
ਪੰਜ ਦਰਿਆਵਾਂ ਗੋਦ ਖਿਡਾਇਆ
ਇਸਦੇ ਪਰਬਤ ਤੇ ਮੈਦਾਨੀਂ
ਬਚਪਨ ਹੱਸ ਹੱਸ ਖੇਡ ਲੰਘਾਇਆ
ਤੁਰਕ, ਪਠਾਣਾਂ ਤੇ ਮੁਗ਼ਲਾਂ ਨੇ
ਅਰਬਾਂ ਤੇ ਈਰਾਨੀਆਂ ਮਿਲ ਕੇ
ਮੈਨੂੰ ਸੁੰਦਰ ਸ਼ੀਲ ਬਣਾਇਆ।

ਮੇਰੀ ਚੋਲੀ ਸ਼ਾਮ ਅਵੱਧ ਦੀ
ਦਿੱਲੀ ਲਹਿੰਗੇ ਤਾਰੇ ਲਾਏ
ਸਿਰ ਹਿਮਾਲਾ ਚੁੰਨੀ ਦਿੱਤੀ
ਕੁੱਲੂ ਮੇਰੀ ਨੱਥ ਘੜਾਈ
ਮਗਧ ਨੇ ਅੱਖੀਂ ਕੱਜਲ ਲਾਇਆ
ਦੱਖਣ ਪੈਰੀਂ ਪਾਇਲ ਪਾਈ
ਰਲਮਿਲ ਸਭ ਨੇ ਮਹਿੰਦੀ ਲਾਈ
ਧੁੰਮ ਜਹਾਨ 'ਚ ਮੇਰੀ ਪਾਈ।

ਪਰ ਮੈਂ ਨਿਕਲੀ ਬਾਲ ਵਿਧਵਾ
ਅੱਜ ਨਾ ਦੇਸ ਮੇਰੇ ਬਾਬਲ ਦਾ
ਨਾ ਮੇਰੇ ਸਹੁਰੇ ਦਾ ਵਿਹੜਾ
ਮੈਨੂੰ ਦਿੱਤਾ ਦੇਸ ਨਿਕਾਲਾ
ਮੈਨੂੰ ਘੱਲਿਆ ਕਾਲੇ ਪਾਣੀ।

ਮੈਂ ਅਭਾਗਣ
ਪੰਜ ਦਰਿਆਵਾਂ ਦੀ 'ਮਾਂ ਬੋਲੀ' !!

(ਬਰਨੈਬੀ, ਬੀ. ਸੀ, ਕੈਨੇਡਾ)



## ਦੋ ਗ਼ਜ਼ਲਾਂ/ਗੁਰਨਾਮ ਢਿਲੋਂ

(1)

ਤਿਤਲੀਆਂ ਨੂੰ ਆਜ਼ਾਦ ਕਰੋ।
ਬੋਲਿਆਂ ਨੂੰ ਆਬਾਦ ਕਰੋ।

ਮਸਾਂ ਮਸਾਂ ਹੈ ਰੁੱਤ ਆਈ
ਸਾਂਭੋ, ਨਾ ਬਰਬਾਦ ਕਰੋ।

ਕਾਲੀ, ਅੰਨ੍ਹੀ, ਰਾਤ 'ਚ ਵੀ
ਸੁਬਹ, ਸਵੇਰਾ ਯਾਦ ਕਰੋ।

ਘਰ ਨੂੰ ਸੰਨ੍ਹ ਕਿਵੇਂ ਲੱਗੀ
ਜਾਚੋ, ਵਾਦ-ਵਿਵਾਦ ਕਰੋ।

ਤਰਲੇ ਨਾਲ ਨਾ ਹੜ੍ਹ ਰੁਕਦੇ
ਤਰਲੇ, ਨਾ ਫਰਿਆਦ ਕਰੋ।

ਧੁੱਪ ਚੜ੍ਹਦੀ ਨੂੰ ਸੇਕੋ, ਪਰ
ਕਿਰਨਾਂ ਦੀ ਇਮਦਾਦ ਕਰੋ।

ਚਾਨਣ ਝਰਦਾ ਤੱਕ ਤੱਕ ਕੇ
ਰੂਹਾਂ ਨੂੰ ਵਿਸਮਾਦ ਕਰੋ।

(2)

ਕੈਸਾ ਵਣਜ ਕਮਾਇਆ ਤੂੰ।
ਰੂਹ ਨੂੰ ਫਾਹੇ ਲਾਇਆ ਤੂੰ।

ਲੇਰ ਜਹੀ ਵਿਚ ਬਦਲ ਲਿਆ
ਜੀਵਨ ਦਾ ਸਰਮਾਇਆ ਤੂੰ।

ਦਰਦ ਸੁਣਾਵਣ ਆਏ ਜੋ
ਆਪਣਾ ਦਰਦ ਸੁਣਾਇਆ ਤੂੰ।

ਸਾਰੀ ਉਮਰ ਉਡੀਕਦਿਆਂ
ਬੱਤੀ ਵਾਂਗ ਜਲਾਇਆ ਤੂੰ।

ਪਿੰਡਾ ਛਾਲੇ ਛਾਲੇ ਹੈ
ਕੈਸਾ ਪੱਟ ਹੰਢਾਇਆ ਤੂੰ।

ਪੋਰਟਸ ਮਾਊਥ, (ਯੂ. ਕੇ.)

## ਧੁੱਖਦੀ ਸੋਚ/ਜਤਿੰਦਰ ਪੱਤੜ

(ਸਦੀਵੀ ਵਿਛੋੜਾ ਦੇ ਗਏ ਇਕਲੌਤੇ ਪੁੱਤਰ ਦੀ ਯਾਦ 'ਚ ਸ. ਰਜਿੰਦਰ ਸਿੰਘ ਸਿੱਧੂ ਹੋਰਾਂ ਨੂੰ)

ਕਿਵੇਂ ਦੱਸਾਂ—ਤੈਨੂੰ
ਉਮਰਾਂ ਦੇ ਮੁੱਕਦੇ ਰਾਹ ਉਪਰ
ਅੱਧ ਵਾਟੇ ਹੀ ਵਹਿੰਗੀ ਰੱਖਕੇ ਤੁਰ ਗਏ ਨੂੰ
ਤੇਰੇ ਬਾਅਦ—
ਮੈਂ ਕਿੰਨਾ ਕੱਲਾ-ਕਾਰਾ ਮਹਿਸੂਸ ਕਰਦਾ ਹਾਂ
ਘਰ ਬਾਹਰ ਤੁਰਦਾ ਫਿਰਦਾ, ਮੈਂ ਰੇਤ ਦਾ ਢੇਰ ਹੁੰਦਾ ਹਾਂ
ਅੰਦਰੋਂ ਉੱਠਦਾ ਉਬਾਲ ਜੋ ਅੱਖਾਂ 'ਚੋਂ ਵਗਦਾ ਹੜ੍ਹ
ਆਪਣੇ ਆਪ ਵਿਚ ਜਰ ਜਾਂਦਾ ਹਾਂ

ਮੈਂ ਕਿਵੇਂ ਦੱਸਾਂ ਤੈਨੂੰ
ਧੂਣੀ ਉਪਰ ਬੈਠਿਆਂ
ਮੇਰੇ ਹਾਣੀਆਂ 'ਚ—
ਜਦ ਔਲਾਦ ਦਾ ਜ਼ਿਕਰ ਛਿੜਦਾ ਹੈ
ਪੁੱਤਾਂ, ਨੂੰ ਕਪੁੱਤ ਕਹਿਣ ਵਾਲੇ ਮਾਪੇ
ਕਿੰਨੇ ਭੈੜੇ ਲੱਗਦੇ ਨੇ ਮੈਨੂੰ
ਪਤਾ ਨਹੀਂ ਕਿਉਂ ਮੈਂ
ਉਹਨਾਂ ਨੂੰ ਗਿੱਚੀ ਤੋਂ ਫੜਨ ਲਈ ਲੋਚਦਾ ਹਾਂ

ਤੇਰੀ ਮਾਂ ਦੇ ਸਾਹਮਣੇ
ਸਾਲਮ ਦਾ ਸਾਲਮ ਹੁੰਦਿਆਂ ਵੀ—ਉਥੋਂ ਗ਼ੈਰ ਹਾਜ਼ਿਰ ਹੁੰਦਾ ਹਾਂ
ਉਸ ਦੇ ਨਿੱਤ ਦਿਹਾੜੇ ਦੇ ਪ੍ਰਸ਼ਨਾਂ ਦਾ—
ਮੈਂ ਹਰ ਵੇਲੇ ਗ਼ਲਤ ਉੱਤਰ ਦਿੰਦਾ ਹਾਂ
ਬੰਨਿਆਂ ਤੇ ਬੈਠਾ ਕੀ ਸੋਚਦਾ ਹਾਂ
ਕਿਉਂ ਨਹੀਂ ਚੰਗੇ ਲਗਦੇ—ਖਿੜੇ ਹੱਸਦੇ ਫੁੱਲ
ਕਿਵੇਂ ਦੱਸਾਂ ਤੇਰੀ ਮਾਂ ਨੂੰ
ਹੁਣ ਹੱਸਣ ਲੱਗਿਆਂ ਐਵੇਂ ਹੀ ਅਾਂਦਰਾਂ ਦਾ ਗੱਚ ਭਰ ਆਉਂਦਾ

ਤੈਨੂੰ ਕਿਵੇਂ ਦੱਸਾਂ—ਕਿਵੇਂ ਸਮਝਾਵਾਂ
ਤੇਰੀ ਮਾਂ ਲਈ ਬੇਅਰਥ ਹੋ ਗਈਆਂ ਨੇ
ਸ਼ਗਨਾਂ ਦੇ ਗੀਤ ਦੀਆਂ ਸਤਰਾਂ;
'ਪਾਣੀ ਵਾਰ ਬੰਨੇ ਦੀਏ ਮਾਏ
ਬੰਨਾ ਤੇਰਾ ਬਾਹਰ ਖੜਾ'



ਤੇਰੀਆਂ ਭੈਣਾਂ ਦੇ ਦਿਲ ਦੀਆਂ ਰੀਝਾਂ
ਸੁੰਨੇ-ਰਾਹਾਂ ਨੂੰ ਤੱਕਦਿਆਂ ਹੀ ਮੁੱਕ ਗਈਆਂ ਨੇ
ਮੇਰੀ ਤੁਰਲੇ ਵਾਲੀ ਪੱਗ
ਕਿੱਲੀ ਤੇ ਟੰਗੀ—ਨਿਮੋਝੂਣੀ ਹੋਈ
ਪਤਾ ਨਹੀਂ ਕਿਹੜੀ ਧੁੱਖਦੀ ਸੋਚ 'ਚ ਡੁੱਬੀ ਰਹਿੰਦੀ ਏ

ਐਸ ਉਮਰੇ ਸੋਚਾਂ 'ਚ ਡੁੱਬੇ ਰਹਿਣਾਂ
ਮੇਰੀ ਉਮਰ ਦੇ ਬਜ਼ੁਰਗਾਂ ਲਈ
ਕਿਸ ਜੂਨ ਦਾ ਸਰਾਪ ਹੰਢਾਉਣਾ ਹੈ
ਕਿ ਜਿਸ ਉਮਰੇ ਤੇਰੇ ਹੁੰਦਿਆਂ
ਮੈਂ ਚਿੱਟਾ ਚਾਦਰਾ ਲਾਈ
ਸੱਥ ਵਿਚ ਕੋਕਿਆਂ ਵਾਲਾ ਖੂੰਡਾ ਫੜ ਬਹਿਣਾ ਸੀ
ਤੇ ਹੁਣ ਮੈਂ ਕਿਵੇਂ ਦੱਸਾਂ—ਤੈਨੂੰ
ਮੈਂ ਕਿੰਨਾ ਕੱਲਾ ਕਾਰਾ ਰਹਿ ਗਿਆ ਹਾਂ।

**Highfield, Southampton, U.K.**

---

(ਸਫਾ 31 ਦੀ ਬਾਕੀ)

ਵੀ ਪੰਜਾਬੀ ਕਹਾਣੀ ਨੂੰ ਦੂਰ-ਦਰਾਜ਼ ਖੇਤਰਾਂ ਵਿਚ ਲੈ ਜਾਣ ਦੀ ਕੋਸ਼ਿਸ਼ ਸਮਝੀ ਜਾਣੀ ਚਾਹੀਦੀ ਹੈ।

ਪਿਛਲੇ ਸਾਲਾਂ ਵਿਚ ਵਰਿਆਮ ਸਿੰਘ ਸੰਧੂ ਤੇ ਪ੍ਰੇਮ ਪ੍ਰਕਾਸ਼ ਉੱਭਰ ਕੇ ਸਾਹਮਣੇ ਆਏ। ਦੋਵਾਂ ਕਹਾਣੀਕਾਰਾਂ ਦੀ ਚਰਚਾ ਖ਼ਾਸ ਢੰਗ-ਤਰੀਕੇ ਨਾਲ ਹੁੰਦੀ ਰਹੀ ਹੈ। ਗੁਰਬਚਨ ਸਿੰਘ ਭੁੱਲਰ, ਗੁਰਦੇਵ ਸਿੰਘ ਰੁਪਾਣਾ, ਮੋਹਨ ਭੰਡਾਰੀ, ਜਸਬੀਰ ਭੁੱਲਰ, ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ, ਅਜੀਤ ਕੌਰ, ਗੁਰਪਾਲ ਸਿੰਘ ਲਿਟ, ਅਤਰਜੀਤ, ਬਲਦੇਵ ਸਿੰਘ ਨੇ ਵੀ ਉੱਚ-ਪੱਧਰ ਦੀਆਂ ਕਹਾਣੀਆਂ ਲਿਖੀਆਂ ਅਤੇ ਰੂਪ-ਵਿਧਾਨ ਤੇ ਵਿਸ਼ਿਆਂ ਦੀ ਵਿਭਿੰਨਤਾ ਕਰਕੇ ਨਵੇਂ ਪਾਸਾਰ ਪੈਦਾ ਕੀਤੇ। ਇਹਨਾਂ ਕਹਾਣੀਕਾਰਾਂ ਦੀਆਂ ਕਈ ਕਹਾਣੀਆਂ ਪ੍ਰੇਮ ਪ੍ਰਕਾਸ਼ ਤੇ ਵਰਿਆਮ ਸੰਧੂ ਦੀਆਂ ਕਹਾਣੀਆਂ ਤੋਂ ਅੱਗੇ ਲੰਘ ਜਾਂਦੀਆਂ ਹਨ। ਇਹਨਾਂ ਵਰ੍ਹਿਆਂ ਦੌਰਾਨ ਅਸਲੋਂ ਹੀ ਕਈ ਨਵੇਂ ਕਹਾਣੀਕਾਰ ਸਾਹਮਣੇ ਆਏ ਹਨ। ਜਿਹਨਾਂ ਨਵੇਂ ਹਸਤਾਖਰਾਂ ਦੀਆਂ ਰਚਨਾਵਾਂ ਵਿਚ ਪੰਜਾਬੀ ਕਹਾਣੀ ਦਾ ਸ਼ਾਨਦਾਰ ਭਵਿੱਖ ਨਜ਼ਰ ਆਉਂਦਾ ਹੈ। ਸੁਖਜੀਤ, ਸਰਵਮੀਤ, ਬਲਜਿੰਦਰ ਨਸਰਾਲੀ, ਜਗਰੂਪ ਸਿੰਘ ਦਾਤੇਵਾਲ, ਬਲਦੇਵ ਸਿੰਘ ਧਾਲੀਵਾਲ, ਬੂਟਾ ਸਿੰਘ ਚੌਹਾਨ, ਗੁਰਮੀਤ ਕੜਿਆਲਵੀ, ਮਹਿਮਾ ਸਿੰਘ, ਅਵਤਾਰ ਸਿੰਘ ਬਿਲਿੰਗ, ਤਲਵਿੰਦਰ ਸਿੰਘ, ਜਸਵਿੰਦਰ ਸਿੰਘ, ਭਗਵੰਤ ਸਿੰਘ ਰਸੂਲਪੁਰੀ, ਕਾਨ੍ਹਾ ਸਿੰਘ, ਸਤਵੰਤ, ਸ਼ਮਸ਼ੇਰ ਢਪਾਲੀ ਆਦਿ ਨੇ ਪ੍ਰੰਪਰਿਕ ਪੰਜਾਬੀ ਕਹਾਣੀ ਦੀਆਂ ਲੁਪਤ ਸੰਭਾਵਨਾਵਾਂ ਨੂੰ ਉਜਾਗਰ ਹੀ ਨਹੀਂ ਕੀਤਾ, ਸਗੋਂ ਭਾਸ਼ਾ-ਸ਼ੈਲੀ ਤੇ ਵਿਸ਼ਿਆਂ ਦੇ ਪੱਖੋਂ ਨਵੇਂ ਆਯਾਮ ਸਿਰਜੇ ਹਨ।

# ਹਾਰਿਆ ਹੋਇਆ ਆਦਮੀ

ਮੱਖਣ ਮਾਨ

ਸਾਉਣ ਭਾਦੋਂ ਦੀਆਂ ਝੜੀਆਂ ਨੇ ਤਾਂ ਉਸ ਦਾ ਜਿਊਣਾ ਔਖਾ ਕਰ ਦਿੱਤਾ ਸੀ। ਕੰਮ ਧੰਦੇ ਤੋਂ ਬਿਲਕੁਲ ਵਿਹਲੇ ਤੇ ਉੱਤੋਂ ਟੱਬਰ ਦਾ ਬਿਮਾਰ ਹੋ ਕੇ ਮੰਜੀ ਤੇ ਪੈਣਾ ਉਸ ਨੂੰ ਇੰਜ ਲੱਗਦੈ ਜਿਵੇਂ ਸਾਰੀਆਂ ਮੁਸੀਬਤਾਂ ਦਾ ਕਹਿਰ ਇਕੋ ਵਾਰ ਹੀ ਉਸ ਤੇ ਟੁੱਟ ਪਿਆ ਹੋਵੇ। ਉਸ ਨੂੰ ਆਪਣਾ ਤੇ ਆਪਣੇ ਪਰਿਵਾਰ ਦਾ ਵਜੂਦ ਰਾਤ ਦੇ ਸੰਘਣੇ ਹਨੇਰੇ 'ਚ ਗਰਕ ਹੁੰਦਾ ਜਾਪਿਐ। ਉਹ ਕੀ ਕਰੇ? ਕਿਸ ਕੋਲ ਜਾ ਕੇ ਹੱਥ ਅੱਡੇ? ਮਹਿੰਗਾਈ ਨੇ ਤਾਂ ਸਭ ਦਾ ਲੱਕ ਤੋੜ ਦਿੱਤਾ ਏ। ਉਸ ਦੇ ਸਾਕ ਸਬੰਧੀ ਵੀ ਕਿਹੜੇ ਮੁਰੱਬਿਆਂ ਵਾਲੇ ਨੇ, ਸਭ ਡੰਗੋ-ਡੰਗ ਖਾਣ ਵਾਲੇ ਨੇ। ਡਾਕਟਰਾਂ ਦੀ ਫੀਸ ਨੇ ਜਿਵੇਂ ਉਸ ਦੀ ਜੀਭ 'ਤਾਲੂ ਲਾ ਦਿੱਤੀ ਸੀ। ਜੇ ਟੱਬਰ ਹੋਰ ਦੋ ਦਿਨ ਮੰਜੀ ਤੋਂ ਨਾ ਉੱਠਿਆ ਤਾਂ ਉਹ ਜ਼ਰੂਰ ਪਾਗਲ ਹੋ ਜਾਵੇਗਾ। ਉਹ ਕਿੱਥੇ ਜਾਵੇ? ਕੋਈ ਖੂਹ ਖਾਤਾ ਗੰਦਾ ਕਰ ਲਏ ਜਾਂ ਘਰੋਂ ਭੱਜ ਜਾਵੇ। ਉਸ ਨੂੰ ਆਪਣੇ ਪਰਿਵਾਰ ਦੀਆਂ ਜ਼ੁੰਮੇਵਾਰੀਆਂ ਕਿਸੇ ਦੇਓ ਵਾਂਗ ਲੱਗੀਆਂ, ਜਿਹੜੀਆਂ ਕਿਸੇ ਵੇਲੇ ਵੀ ਉਸ ਨੂੰ ਸਬੂਤੇ ਨੂੰ ਨਿਗਲ ਜਾਣਗੀਆਂ। ਉਸ ਇਕ ਹਉਕਾ ਭਰਿਆ ਜੋ ਖਲਾਅ ਨੂੰ ਘੂਰਦਾ ਦੂਰ ਫਿਜ਼ਾ 'ਚ ਖਿੰਡ ਗਿਆ। ਗੁਆਂਢੀਆਂ ਦੇ ਵਿਹੜਿਉਂ ਧੂੰਆਂ ਹਵਾ 'ਚ ਘੁੰਮਣ-ਘੇਰੀ ਬਣ ਉਸ ਦੇ ਸਾਹਮਣਿਉਂ ਦੀ ਗੁਜ਼ਰ ਗਿਆ ਤਾਂ ਉਸ ਨੂੰ ਯਾਦ ਆਇਆ ਸਵੇਰ ਦਾ ਤਾਂ ਚੁੱਲ੍ਹਾ ਵੀ ਨਹੀਂ ਬਲਿਆ। ਉਸ ਨੂੰ ਚਾਹ ਦੀ ਲੋੜ ਮਹਿਸੂਸ ਹੋਈ ਪਰ ਗੁੜ ਪੱਤੀ ਨਾ ਹੋਣ ਕਰਕੇ ਉਸ ਨੇ ਬੀੜੀ ਸੁਲਗਾ ਲਈ ਤੇ ਲੰਮੇ-ਲੰਮੇ ਕਸ਼ ਭਰਦਾ ਦਿਹਾੜੀ ਲੱਭਣ ਲਈ ਬੀਹੀ 'ਚ ਆ ਗਿਆ।

ਟੁੱਟੀਆਂ ਤੇ ਥਾਂ-ਥਾਂ ਤੋਂ ਛੱਪੜ ਬਣੀਆਂ ਗਲੀਆਂ ਨੂੰ ਵੇਖ ਕੇ ਉਸ ਨੇ ਨਿਜ਼ਾਮ ਨੂੰ ਇਕ ਗੰਦੀ ਜਿਹੀ ਗਾਲ੍ਹ ਕੱਢੀ ਜੋ ਇਕੋ ਹੀ ਪਿੰਡ ਵਿਚ ਦੋ ਤਰ੍ਹਾਂ ਦਾ ਕਾਨੂੰਨ ਘੜਦਾ ਸੀ। ਸਾਹਮਣੇ ਜ਼ਿਮੀਂਦਾਰਾਂ ਦੇ ਘਰਾਂ ਦੀਆਂ ਪੱਕੀਆਂ ਤੇ ਉੱਚੀਆਂ ਸੜਕਾਂ ਤੇ ਉਹਨਾਂ ਦਾ ਪਾਣੀ ਕੰਮੀਆਂ ਦੀ ਬਸਤੀ ਵੱਲ ਨੂੰ ਕੱਢਿਆ ਹੋਇਆ ਸੀ, ਕਿਉਂਕਿ ਨਿਵਾਣ ਜਿਉਂ ਉਧਰ ਨੂੰ ਸੀ। ਬਸਤੀ 'ਚ ਰਹਿਣ ਵਾਲੇ ਲੋਕ ਜਿਵੇਂ ਇਨਸਾਨ ਨਾ ਕੀੜੇ-ਮਕੌੜੇ ਹੋਣ। ਇਕ ਹੀਣ ਜ਼ਾਤ ਤੇ ਦੂਜੀ ਇਹ ਗਰੀਬੀ ਇਕ ਅਜਿਹਾ ਸਰਾਪ ਸੀ ਜੋ ਉਹਨਾਂ ਨੂੰ ਉਸ ਅੰਨ੍ਹਿਆਂ ਦੇ ਖਿਲਾਫ਼ ਵਿਰੋਧ ਕਰਨ ਤੋਂ ਰੋਕਦਾ। ਵਿਚਾਰੇ ਕਰਨ ਵੀ ਕੀ? ਦਰ-ਗੁਜ਼ਰ ਜਿਉਂ ਉਹਨਾਂ ਦੇ ਸਿਰ ਤੇ ਕਰਨੀ ਸੀ ਭਲਾ ਨਾਲੀ ਦੇ ਗੰਦੇ ਕੀੜੇ ਨੂੰ ਕੀ ਅਹਿਸਾਸ ਵਿਰੋਧ ਕੀ ਹੁੰਦਾ ਹੈ? ਉਸ ਨੂੰ ਲੱਗਿਆ ਜਿਵੇਂ ਉਹ ਇਕ ਰਾਖ਼ ਦੀ ਢੇਰੀ ਹੋਵੇ ਜਾਂ ਤੁਰਦੀ ਫਿਰਦੀ ਲਾਸ਼। ਫਿਰ ਪਤਾ ਨਹੀਂ ਮਨ ਦੀ ਕਿਹੜੀ ਨੁੱਕਰੇ ਇਕ ਚੰਗਿਆੜੀ ਜਾਂ ਇਸ ਨੂੰ ਮਨ ਦੀ ਭੜਾਸ ਕਹਿ ਲਓ ਨਿਕਲੀ। "ਸਾਲੇ .....ਕੱਖ ਭੰਨ ਕੇ ਦੋਹਰਾ ਨਹੀਂ ਕਰਦੇ ਅਸੀਂ ਟੁੱਟ-ਟੁੱਟ ਮਰ ਜਾਨੇ ਆਂ ਤੇ ਰੋਟੀ ਫਿਰ ਵੀ ਡੰਗ ਦੀ ਡੰਗ ਮਸਾਂ ਤੁਰਦੀ ਏ ਤੇ ਇਹ ਉੱਚੇ-ਉੱਚੇ ਸ਼ਮਲਿਆਂ ਵਾਲੇ ਜੋ ਆਪਣੇ ਆਪ ਨੂੰ ਪਿੰਡ ਦੇ ਰਹਿਨੁਮਾਂ



ਆਖਦੇ ਨੇ, ਵਿਹਲੇ ਰਹਿ ਕੇ ਵੀ ਪਤਾ ਨਹੀਂ ਕਿਵੇਂ ਘਰ ਦੀਆਂ ਮਮਟੀਆਂ ਉੱਚੀਆਂ ਤੇ ਖੇਤਾਂ ਦੇ ਸਿਆੜ ਚੌੜੇ ਕਰੀ ਜਾਂਦੇ ਨੇ।"

"ਉਏ ਸ਼ੰਕਰਾ ਕਿਧਰ ਤੁਰਿਆ ਏਂ ਮੀਂਹ ਵਿਚ?" ਜ਼ੈਲਦਾਰ ਨੇ ਉਸ ਨੂੰ ਜਾਂਦਿਆਂ ਨੂੰ ਵੇਖ ਆਵਾਜ਼ ਮਾਰੀ। ਉਸ ਦੇ ਖ਼ਿਆਲਾਂ ਦੀ ਲੜੀ ਇੰਜ ਟੁੱਟ ਗਈ ਜਿਵੇਂ ਸੜਕ ਤੇ ਜਾ ਰਹੀ ਤੇਜ਼ ਬੱਸ ਡਰਾਈਵਰ ਦੇ ਅਚਾਨਕ ਬਰੇਕ ਮਾਰਨ ਤੇ ਰੁੱਕ ਜਾਂਦੀ ਏ।

"ਜਾਣਾ ਕਿੱਥੇ ਸਰਦਾਰਾ। ਕਈ ਦਿਨਾਂ ਤੋਂ ਦਿਹਾੜੀ ਨਹੀਂ ਮਿਲੀ। ਬਸੰਤ ਕੌਰ ਮੰਜੇ ਤੇ ਪਈ ਆ, ਘਰ ਆਟੇ ਦਾ ਕੋਈ ਪੀਹਨ ਨਹੀਂ। ਕੋਈ ਲੱਭਦੇ ਆਂ ਕੰਮ-ਧੰਦਾ ਸ਼ਾਮ ਨੂੰ ਰੋਟੀ ਖਾਣ ਵਾਲੇ ਬਣੀਏ।" ਸ਼ੰਕਰ ਨੇ ਉਦਾਸੀ 'ਚ ਆਪਣੀ ਅੰਦਰਲੀ ਵਿਥਿਆ ਜ਼ੈਲਦਾਰ ਅੱਗੇ ਢੇਰੀ ਕਰ ਦਿੱਤੀ।

"ਘਬਰਾ ਨਾ ਸ਼ੰਕਰਾ, ਆ ਬੈਠ ਦਿਹਾੜੀ ਵੀ ਮਿਲਜੂ ਤੇ ਸ਼ਾਮ ਦਾ ਪੀਹਣ ਵੀ"। ਜ਼ੈਲਦਾਰ ਨੇ ਸ਼ੰਕਰ ਦੀ ਮਜ਼ਬੂਰੀ ਵੇਖ ਉਸ ਨੂੰ ਤਸੱਲੀ ਦਿੰਦੇ ਹੋਏ ਆਖਿਆ ਤੇ ਸ਼ੰਕਰ ਮੰਜੇ ਦੇ ਲਾਗੇ ਇਕ ਆਸ ਲੈ ਕੇ ਤੱਪੜ ਤੇ ਬਹਿ ਗਿਆ।

"ਸ਼ੰਕਰਾ ਉੱਪਰ ਹੀ ਬਹਿ ਜਾ ਮੰਜੀ ਤੇ।"

"ਨਹੀਂ ਸਰਦਾਰ ਜੀ ਅਸੀਂ ਥੱਲੇ ਹੀ ਠੀਕ ਹਾਂ। ਤੁਹਾਡੇ ਕੰਮੀ ਕਮੀਨ ਜਿਉਂ ਹੋਏ।"

"ਕੁੜੇ ਜ਼ਿੰਦ ਚਾਹ ਦਾ ਗਿਲਾਸ ਲਿਆਈਂ ਸ਼ੰਕਰ ਵਾਸਤੇ।"

ਜ਼ੈਲਦਾਰ ਦੇ ਬਦਲੇ ਹੋਏ ਰਵੱਈਏ 'ਚ ਇਸ ਤਰ੍ਹਾਂ ਦੀ ਤਬਦੀਲੀ ਵੇਖ ਕੇ ਚਿਹਰੇ ਤੇ ਹੈਰਾਨੀ ਤੇ ਖ਼ੁਸ਼ੀ ਦੀ ਸਾਂਝੀ ਲਾਲਗੀ ਫੈਲ ਗਈ ਤੇ ਉਹ ਬੁੱਲ੍ਹਾਂ ਤੇ ਜੀਭ ਫੇਰਦਿਆਂ "ਨਹੀਂ-ਨਹੀਂ ਸਰਦਾਰ ਜੀ, ਚਾਹ ਦੀ ਕੋਈ ਲੋੜ ਨਹੀਂ।" ਉਸ ਦਾ ਚਾਹ ਦਾ ਨਾਂ ਸੁਣਦਿਆਂ ਹੀ ਸਰੀਰ ਵਿਚ ਇਕ ਲਹਿਰ ਜਿਹੀ ਦੌੜ ਪਈ ਪਰ ਫਿਰ ਵੀ ਉਸ ਨਾ-ਨੁੱਕਰ ਕੀਤੀ।

"ਉਏ ਪੀ ਲੈ, ਮੀਂਹ 'ਚੋਂ ਆਇਆਂ। ਤੇਰੇ ਹੱਡ ਗਰਮ ਹੋ ਜਾਣਗੇ।" ਜ਼ੈਲਦਾਰ ਨੇ ਸ਼ੰਕਰ ਦੇ ਮਾੜਚੂ ਜਿਹੇ ਸਰੀਰ ਵੱਲ ਵੇਖਦੇ ਹੋਏ ਕਿਹਾ।

ਜ਼ੈਲਦਾਰ ਦੀ ਵੱਡੀ ਕੁੜੀ ਸਿਲਵਰ ਦੇ ਪੁਰਾਣੇ ਜਿਹੇ ਗਲਾਸ 'ਚ ਚਾਹ ਪਾ ਕੇ ਸ਼ੰਕਰ ਦੇ ਮੋਹਰੇ ਰੱਖ ਗਈ ਤੇ ਉਹ ਚਾਹ ਦੀਆਂ ਚੁਸਕੀਆ ਭਰਨ ਲੱਗਾ "ਤੂੰ ਤਾਂ ਸ਼ੰਕਰਾ ਬਾਹਲਾ ਈ ਦੁਖੀ ਜਾਪਦੈਂ। ਹੂੰ......ਲੈ ਫੜ ਦੋ ਸੌ ਰੁਪਿਆ ਤੇ ਅੰਦਰੋਂ ਸਰਦਾਰਨੀ ਕੋਲੋਂ ਮਣ ਕਣਕ ਵੀ ਲੈ ਜਾਵੀਂ।

ਸ਼ੰਕਰ ਖੜਕਦੇ ਤੇ ਚਿੱਟੇ ਦੋ ਸੌ ਦੇ ਨੋਟ ਹੱਥਾਂ 'ਚ ਘੁੱਟ ਕਿਸੇ ਸੁਪਨਮਈ ਸੰਸਾਰ 'ਚ ਗੁੰਮ ਗਿਆ।

"ਕਿੱਥੇ ਗੁਵਾਚ ਗਿਆ, ਚੱਲ ਉੱਠ ਹਵੇਲੀ ਨੂੰ ਚੱਲੀਏ।"

ਜ਼ੈਲਦਾਰ ਨੇ ਉਸ ਦੇ ਮੋਢੇ ਨੂੰ ਹਲੂਣਦੇ ਹੋਏ ਪੈਰੀਂ ਜੁੱਤੀ ਪਾਉਂਦਿਆਂ ਆਖਿਆ।

ਸ਼ੰਕਰ ਚੁੱਪਚਾਪ ਜ਼ੈਲਦਾਰ ਦੇ ਪਿੱਛੇ-ਪਿੱਛੇ ਤੁਰੀ ਜਾ ਰਿਹਾ ਹੈ ਤੇ ਵਾਰ-ਵਾਰ ਮਨ ਦੇ ਦਰਵਾਜ਼ਿਉਂ ਇਹ ਖਿਆਲ ਕੁੰਡਾ ਖੜਕਾਉਂਦਾ ਹੈ ਕਿ ਜ਼ੈਲਦਾਰ ਮੇਰੀ ਅੱਜ ਏਨੀ ਮਦਦ ਕਿਉਂ ਕਰ ਰਿਹਾ ਹੈ? ਉਸ ਨੂੰ ਜ਼ੈਲਦਾਰ ਕੋਈ ਅਰਸ਼ੋਂ ਉਤਰਿਆ ਦੇਵਤਾ ਲੱਗਦਾ ਹੈ। ਸੱਚਮੁੱਚ ਦੇਵਤਾ ਤੇ ਉਹ ਦੇਵਤਾ ਅੱਜ ਮੁਸੀਬਤ ਵੇਲੇ ਉਸ ਦੀ ਢਾਲ ਬਣਿਆ ਹੈ। ਉਸ ਦਾ ਲੂੰ-ਲੂੰ ਕਰਜ਼ਾਈ ਹੋ ਗਿਆ ਹੈ ਜ਼ੈਲਦਾਰ ਦਾ।

"ਜਾ ਸ਼ੰਕਰਾ ਅੰਦਰੋਂ ਮੰਜੀ ਕੱਢ ਲਿਆ। ਜ਼ੈਲਦਾਰ ਨੇ ਹਵੇਲੀ ਦਾ ਬੂਹਾ ਖੋਲ੍ਹਦੇ ਹੋਏ ਸ਼ੰਕਰ ਨੂੰ ਆਖਿਆ। ਸ਼ੰਕਰ ਦੇ ਮੰਜੀ ਡਾਹੁੰਦਿਆਂ ਹੀ ਜ਼ੈਲਦਾਰ ਜੁੱਤੀ ਖੋਲ੍ਹ ਮੰਜੀ ਤੇ ਚੌਂਕੜਾ ਮਾਰ ਬਹਿ ਜਾਂਦਾ ਹੈ ਤੇ ਸ਼ੰਕਰ ਇਕ ਪਾਸੇ ਬੋਰੀ ਤੇ।

"ਹਾਂ ਫਿਰ ਸੁਣਾ ਸ਼ੰਕਰਾ ਬਸੰਤ ਕੌਰ ਦਾ ਹੁਣ ਕੀ ਹਾਲ ਹੈ?"

"ਜੀ...ਜੀ ਸਰਦਾਰ ਜੀ, ਹੁਣ ਤਾਂ ਠੀਕ ਹੈ। ਪਰਸੋਂ ਦਿੱਤੀ ਸੀ ਡਾਕਟਰ ਨੇ ਦਵਾਈ। ਪਰ ਕਮਜ਼ੋਰੀ ਨਹੀਂ ਜਾਂਦੀ। ਬੁਖ਼ਾਰ ਨੇ ਤਾਂ ਉਸ ਨੂੰ ਐਨਾ ਭੰਨਿਆ ਕਿ ਉਹ ਮੰਜੀ ਤੇ ਪਈ ਨਜ਼ਰ ਨਹੀਂ ਆਉਂਦੀ।" ਸ਼ੰਕਰ ਜਿਵੇਂ ਖੂਹ 'ਚੋਂ ਬੋਲਿਆ ਹੋਵੇ।

"ਕਮਲਿਆ ਜਾਨ ਹੈ ਤੇ ਜਹਾਨ, ਘਰ ਵਾਲੀ ਤੋਂ ਬਿਨਾਂ ਕਾਹਦਾ ਇਨਸਾਨ? ਉਸ ਨੂੰ ਚੰਗੇ ਜਿਹੇ ਡਾਕਟਰ ਨੂੰ ਵਿਖਾ ਸ਼ਹਿਰ ਜਾ ਕੇ, ਪੈਸੇ ਦੀ ਚਿੰਤਾ ਨਾ ਕਰੀਂ, ਮੈਂ ਬੈਠਾਂ" ਜ਼ੈਲਦਾਰ ਨੇ ਉਸ ਦੀ ਓਦਰੀ ਤੇ ਤਰਸਯੋਗ ਹਾਲਤ ਵੇਖ ਕੇ ਹਮਦਰਦੀ ਦਾ ਫੇਹਾ ਰੱਖਿਆ।

"ਹਾਂ ਸਰਦਾਰ ਜੀ ਤੁਸੀਂ ਠੀਕ ਕਹਿੰਦੇ ਹੋ, ਬੁੜੀਆਂ ਤੋਂ ਬਿਨਾਂ ਘਰ ਕਾਹਦਾ। ਦੋ ਦਿਨ ਤੀਵੀਂ ਮੰਜੇ ਤੇ ਪੈ ਜਾਏ ਘਰ ਤਾਂ ਖਿੱਲਰ ਜਾਂਦਾ, ਜਿਵੇਂ ਸਦੀਆਂ ਤੋਂ ਇਥੇ ਕੋਈ ਵੱਸਦਾ ਹੀ ਨਾ ਹੋਵੇ।"

"ਸ਼ੰਕਰਾ ਪਰਸੋਂ ਦਾ ਭਈਆ ਯੂ. ਪੀ. ਨੂੰ ਗਿਆ। ਸਰਦਾਰਨੀ ਵੀ ਠੀਕ ਨਹੀਂ ਰਹਿੰਦੀ। ਪਸ਼ੂ ਮਰ ਚੱਲੇ ਭੁੱਖੇ। ਨਾ ਉਹਨਾਂ ਨੂੰ ਕੋਈ ਪਾਣੀ ਪਿਲਾਉਣ ਵਾਲਾ ਤੇ ਨਾ ਹੀ ਕੋਈ ਪੱਠੇ ਪਾਉਣ ਵਾਲਾ। ਜੇ ਤੂੰ ਮਦਦ ਕਰੇਂ ਤਾਂ ਮੇਰਾ ਭਾਰ ਹੌਲਾ ਹੋ ਸਕਦਾ।"

ਸ਼ੰਕਰ ਜਿਸ ਦਾ ਆਪਾ ਕਰਜਾਈ ਹੋਇਆ ਬੈਠਾ ਸੀ, ਉਸ ਬੜੀ ਫਰਾਖ਼-ਦਿਲੀ ਨਾਲ ਆਖਿਆ, "ਸਰਦਾਰ ਜੀ ਬੰਦਾ ਹਾਜ਼ਰ ਏ। ਪੱਠੇ ਤਾਂ ਕੀ ਪਾਣੀ ਵੀ ਲਾ ਦਿਆ ਕਰੂੰ ਖੇਤਾਂ ਨੂੰ।"

"ਕਮਲਿਆ ਮੈਂ ਤੇਰੀ ਗੱਲ ਨਹੀਂ ਕਹਦਾ। ਤੂੰ ਹੁਣ ਸਾਰੀ ਉਮਰ ਕੰਮ ਹੀ ਕਰੀ ਜਾਣੈ। ਤੇਰੇ ਤਾਂ ਹੁਣ ਆਰਾਮ ਕਰਨ ਦੇ ਦਿਨ ਨੇ। ਐਦਾਂ ਕਰ ਸ਼ੰਕਰ," (ਆਪਣਾ ਸਾਹ ਰੋਕ ਕੇ ਕੰਨ ਜ਼ੈਲਦਾਰ ਵੱਲ ਕਰ ਲੈਂਦਾ ਹੈ ਕਿ ਜ਼ੈਲਦਾਰ ਉਸ ਨੂੰ ਕੀ ਹੁਕਮ ਦਿੰਦਾ ਹੈ) ਮੀਤੇ ਨੂੰ ਭੇਜ ਦੇ ਸਾਡੇ ਕੋਲ। ਹੁਣ ਸੁੱਖ ਨਾਲ ਜਵਾਨ ਏ।"

"ਦੁੱਧ ਘਿਓ ਖਾਵੇਗਾ, ਉਹਦੇ ਹੱਡ ਭਰ ਜਾਣਗੇ। ਵੇਖੀਂ ਉਹਨੇ ਦਿਨਾਂ 'ਚ ਜਵਾਨ ਹੋ ਜਾਣਾ, ਤੈਥੋਂ ਪਛਾਣਿਆ ਨਹੀਂ ਜਾਣਾ—ਇਹ ਮੀਤਾ ਏ। ਜ਼ੈਲਦਾਰ ਨੇ ਬੜੀ ਸਫਾਈ



ਨਾਲ ਆਪਣੀ ਗੱਲ ਆਖੀ ਤੇ ਸ਼ੰਕਰ ਨੂੰ ਐਦਾਂ ਲੱਗਿਆ ਜਿਵੇਂ ਹਵੇਲੀ ਉਸ ਤੇ ਡਿੱਗ ਪਈ ਹੋਵੇ ਤੇ ਹੁਣ ਸੱਚ ਉਸ ਦੇ ਸਾਹਮਣੇ ਆ ਗਿਆ ਸੀ। ਉਹ ਜ਼ੈਲਦਾਰ ਜਿਹੜਾ ਕੁੱਝ ਦੇਰ ਪਹਿਲਾਂ ਉਸ ਨੂੰ ਦੇਵਤਾ ਲੱਗਿਆ ਸੀ ਹੁਣ ਉਸ ਨੂੰ ਏਦਾਂ ਲੱਗਿਆ ਜਿਵੇਂ ਉਹ ਹੱਥ 'ਚ ਤਲਵਾਰ ਫੜੀ ਮੀਤੇ ਦੀ ਧੌਣ ਕੱਟ ਰਿਹਾ ਹੋਵੇ। ਉਸ ਨੂੰ ਕੰਬਣੀ ਜਿਹੀ ਮਹਿਸੂਸ ਹੋਈ। ਉਹ ਘੁੱਗੂ-ਵੱਟਾ ਬਣਿਆ ਨੀਵੀਂ ਪਾਈ ਰੱਖਦਾ ਤੇ ਵਾਰ-ਵਾਰ ਉਸ ਦੀਆਂ ਅੱਖਾਂ ਮੋਹਰੇ ਮੀਤੇ ਦਾ ਮਲੂਕ ਜਿਹਾ ਚਿਹਰਾ ਆ ਜਾਂਦਾ।

"ਕਿਉਂ ਸ਼ੰਕਰਾ ਚੁੱਪ ਕਿਉਂ ਹੋ ਗਿਆ ਏਂ? ਕੋਈ ਮਾੜੀ ਗੱਲ ਆਖ ਤੀ। ਮੀਤੇ ਨੂੰ ਆਪਣਾ ਕੱਲੇ ਦਾ ਪੁੱਤ ਨਾ ਸਮਝ, ਮੈਂ ਤਾਂ ਉਸ ਨੂੰ ਆਪਣੀ ਹਿੱਕ ਨਾਲ ਲਾ ਕੇ ਰੱਖੂੰ, ਮਿਜ਼ਾਲ ਏ ਕਦੇ ਵੀ ਉਸ ਨੂੰ "ਸੀਰੀ" ਵਾਂਗ ਰੱਖਾਂ।" ਜ਼ੈਲਦਾਰ ਨੇ ਇਕ ਹੋਰ ਪੈਂਤੜਾ ਪਰਤਿਆ।

ਉਹ ਬੜੀ ਮੁਸ਼ਕਿਲ ਨਾਲ ਪੈਰਾਂ ਭਾਰ ਹੁੰਦਿਆਂ ਆਪਣੇ ਆਪ ਨੂੰ ਸਾਂਵਾਂ ਕਰਦਾ ਹੈ। ਉਸ ਨੂੰ ਏਦਾਂ ਲੱਗਦਾ ਹੈ ਜਿਵੇਂ ਉਸ ਦੀ ਜੀਭ ਤੇ ਮਘਦਾ-ਮਘਦਾ ਕੋਲਾ ਰੱਖ ਦਿੱਤਾ ਹੋਵੇ। ਉਸ ਤੋਂ ਬੋਲਿਆ ਨਹੀਂ ਜਾਂਦਾ।

"ਸ਼ੰਕਰ ਬੋਲਦਾ ਕਿਉਂ ਨਹੀਂ"? ਜ਼ੈਲਦਾਰ ਦੇ ਭਾ ਦੀ ਬਣੀ ਹੋਈ ਸੀ। ਕਿਤੇ ਸ਼ਿਕਾਰ ਹੱਥੋਂ ਨਾ ਨਿਕਲ ਜਾਵੇ। ਅੱਜ ਕੱਲ੍ਹ ਪੰਜਾਬ 'ਚ ਲੇਬਰ ਕਿੱਥੇ ਮਿਲਦੀ? ਜੇ ਮਿਲਦੀ ਆ ਤਾਂ ਵਿਸਾਹ ਨਹੀਂ ਕਦ ਭੱਜ ਜਾਵੇ।" ਉਸ ਮਨ ਹੀ ਮਨ 'ਚ ਆਖਿਆ।

"ਸਰਦਾਰ ਜੀ ਮੀਤੇ ਨੂੰ ਤੁਹਾਡੇ ਕੋਲ ਭੇਜਣ ਦਾ ਮੈਨੂੰ ਕੋਈ ਇਤਰਾਜ਼ ਨਹੀਂ" ਪਰ...?

"ਪਰ ਕੀ...?"

"ਮੁੰਡਾ ਪੜ੍ਹਾਈ 'ਚੋਂ ਬਹੁਤ ਹੁਸ਼ਿਆਰ ਏ। ਗਿਆਰ੍ਹਵੀਂ 'ਚੋਂ ਫਸਟ ਆਇਆ ਸਕੂਲ 'ਚੋਂ। ਮਾਸਟਰ ਨੇ ਉਸ ਨੂੰ ਖ਼ੁਦ ਬੁਲਾ ਕੇ ਆਖਿਆ ਸੀ ਬਈ ਮੁੰਡੇ ਨੂੰ ਜ਼ਿਮੀਦਾਰਾਂ ਦੇ ਵੱਸ ਨਾ ਪਾਇਓ। ਇਹ ਮੁੰਡਾ ਸਾਂਭਣ ਵਾਲਾ ਏ, ਇਹਨੂੰ ਪੜ੍ਹਾਓ ਜਿੰਨਾ ਪੜ੍ਹਦਾ। ਪੈਸੇ ਦੀ ਤੰਗੀ ਹੋਈ ਤਾਂ ਮੈਨੂੰ ਆਖ ਦਿਓ ਤੇ ਮੀਤਾ...ਮੀਤਾ ਵਿਚਾਰਾ ਔਦਣ ਦਾ ਦਿਹਾੜੀ ਕਰਦਾ ਕਿ ਦਾਖ਼ਲੇ ਜੋਗੀ ਫੀਸ ਹੋ ਜਾਵੇ ਤੇ ਉਹ ਆਪ ਆਖਦਾ ਪੜ੍ਹਾਈ ਦਾ ਖ਼ਰਚਾ ਆਪ ਚੁੱਕ ਲੂ ਤੇ ਨਾਲੇ ਉਸ ਨੂੰ ਵਜ਼ੀਫਾ ਵੀ ਮਿਲ ਜਾਣਾ। ਹੁਣ ਦੱਸ ਸਰਦਾਰਾ ਮੈਂ ਕੀ ਕਰ ਸਕਦਾਂ? ਉਹ ਅੱਜ ਕਾਲਜ ਦਾਖ਼ਲ ਹੋਣ ਨੂੰ ਤਿਆਰ ਬੈਠਾ।"

ਸ਼ੰਕਰ ਦੇ ਮੂੰਹੋਂ ਇਹ ਸੁਣਦਿਆਂ ਸਾਰ ਹੀ ਜ਼ੈਲਦਾਰ ਦੇ ਚਿਹਰੇ ਦਾ ਰੰਗ ਫਿੱਕਾ ਪੈ ਗਿਆ। ਸ਼ਿਕਾਰ ਹੱਥੋਂ ਜਾਂਦਾ ਵੇਖ ਉਹ ਚੁਸਤੀ ਵਰਤਦਾ ਹੈ। "ਸ਼ੰਕਰਾ ਤੂੰ ਤੇ ਝੱਲਾ ਏਂ। ਪੜ੍ਹ ਕੇ ਕਿਹੜੀ ਉਸ ਨੂੰ ਨੌਕਰੀ ਮਿਲ ਜਾਣੀ ਆ। ਹਜ਼ਾਰਾਂ ਮੁੰਡੇ ਵਿਹਲੇ ਤੁਰੇ ਫਿਰਦੇ ਆ। ਸਾਰਿਆਂ ਨੂੰ ਸਰਕਾਰ ਨੌਕਰੀ ਦੇਵੇ ਵੀ ਕਿੱਥੋਂ? ਤੂੰ ਜਾਣਦਾ ਤਰਖਾਣਾਂ ਦੇ ਗਿੰਦਰ ਨੂੰ ਜਿਹੜਾ ਕਾਲਜ ਪੜ੍ਹਨ ਗਿਆ ਕਾਮਰੇਡਾਂ ਨਾਲ ਰਲ ਗਿਆ ਤੇ ਉਹ ਗੱਲਾਂ

ਦਾ ਮਿੰਦਰ ਖਾੜਕੂਆਂ ਨਾਲ ਰਲ ਗਿਆ। ਪੁੱਛ ਜਾ ਕੇ ਉਹਨਾਂ ਦੇ ਮਾਪਿਆਂ ਤੋਂ, ਰੋਜ਼ ਧੌਲੀ ਦਾੜ੍ਹੀ ਖਰਾਬ ਹੁੰਦੀ ਉਹਨਾਂ ਵਿਚਾਰਿਆਂ ਦੀ। ਮਿੰਦਰ ਦੇ ਪਿਉ ਦੀ ਚਮੜੀ ਉਧੇੜ ਤੀ ਪੁਲਿਸ ਨੇ ਮਾਰ-ਮਾਰ ਕੇ। ਜ਼ੈਲਦਾਰ ਨੇ ਇਕੋ ਵਾਰ ਹੀ ਕਈ ਤੀਰ ਸ਼ੰਕਰ ਦੀ ਛਾਤੀ 'ਚ ਮਾਰੇ ਤੇ ਉਹ ਉਹਨਾਂ ਤੀਰਾਂ ਨਾਲ ਵਿੱਧਿਆ ਸੋਚੀ ਜਾ ਰਿਹਾ ਸੀ। "ਜ਼ੈਲਦਾਰ ਠੀਕ ਹੀ ਆਖਦਾ।" ਫਿਰ ਸੋਚਦਾ ਮੁੰਡਾ ਡੰਗਰਾਂ ਜੋਗਾ ਈ ਰਹਿ ਜਾਣਾ ਤੇ ਜਦੋਂ ਪੁਲਿਸ ਦਾ ਖ਼ਿਆਲ ਆਉਂਦਾ ਤਾਂ ਉਸ ਨੂੰ ਇੰਜ ਲੱਗਦਾ ਜਿਵੇਂ ਕੋਈ ਰੰਬੀ ਲੈ ਕੇ ਉਸ ਦੀ ਚਮੜੀ ਉਧੇੜ ਰਿਹਾ ਹੋਵੇ।

ਪੁਲਿਸ ਦਾ ਨਾਂ ਸੁਣ ਕੇ ਸ਼ੰਕਰ ਐਨਾ ਘਬਰਾ ਗਿਆ ਸੀ ਕਿ ਉਸ ਨੂੰ ਕੁਝ ਨਹੀਂ ਸੁਝ ਰਿਹਾ ਸੀ ਉਹ ਕੀ ਕਰੇ ? ਅਕਲ ਦੇ ਸਾਰੇ ਰਸਤੇ ਬੰਦ ਹੋ ਗਏ ਸਨ। ਨਾਲੇ ਉਹ ਕਿਹੜਾ ਪੜ੍ਹਿਆ ਲਿਖਿਆ ਤੇ ਚਲਾਕ ਮਨੁੱਖ ਸੀ। ਉਹ ਤੇ ਵਿਚਾਰਾ ਸਿੱਧਾ-ਸਾਦਾ ਪਿੰਡ ਦਾ ਕੋਈ ਸਧਾਰਣ ਮਨੁੱਖ ਸੀ : ਉਹ ਫਸ ਗਿਆ ਜ਼ੈਲਦਾਰ ਦੇ ਜਾਲਾਂ 'ਚ। ਹੁਣ ਭੱਜ ਕੇ ਕਿਤੇ ਨਹੀਂ ਜਾ ਸਕਦਾ। ਜੇਬ 'ਚ ਦੋ ਸੌ ਦੇ ਖੜਕਦੇ ਨੋਟ ਉਸ ਨੂੰ ਗੋਹ ਵਾਂਅ ਚੰਬੜੇ ਹੋਏ ਹਨ ਤੇ ਉਹ ਕੱਲ੍ਹ ਨੂੰ ਮੀਤੇ ਨੂੰ ਭੇਜਣ ਦਾ ਆਖ ਬਾਹਰ ਆ ਗਿਆ।

ਉਹ ਸੜਕ ਤੇ ਇੰਜ ਤੁਰਿਆ ਜਾ ਰਿਹਾ ਸੀ ਜਿਵੇਂ ਕੀੜੀ ਕਿਸੇ ਦੇ ਪੈਰ ਹੇਠ ਮਿੱਧੀ ਤੁਰੀ ਜਾ ਰਹੀ ਹੋਵੇ, ਉਸ ਦਾ ਦਿਮਾਗ ਸੁੰਨ ਸੀ ਤੇ ਅੱਖਾਂ ਇੰਜ ਜਿਵੇਂ ਕਈ ਰਾਤਾਂ ਦਾ ਉਨੀਂਦਰਾ ਹੋਵੇ। ਉਹ ਕਦੋਂ ਘਰ ਪਹੁੰਚ ਗਿਆ ਉਸ, ਨੂੰ ਕੋਈ ਸੁੱਧ ਨਹੀਂ ਸੀ। ਨਲਕੇ ਤੋਂ ਪਾਣੀ ਪੀ ਉਹ ਵਿਹੜੇ 'ਚ ਡਿੱਠੀ ਮੰਜੀ ਤੇ ਢੇਰੀ ਹੋ ਗਿਆ। ਢਿਲਕੀ ਮੰਜੀ ਉਸ ਨੂੰ ਕਬਰ ਵਾਂਗ ਲਗੀ ਜਦ ਉਹ ਕਿੰਨੀ ਦੇਰ ਮੰਜੀ ਤੇ ਅੱਧ ਮੀਟੀ ਹਾਲਤ 'ਚ ਉਂਜ ਹੀ ਲੇਟਿਆ ਰਿਹਾ ਤਾਂ ਉਸ ਆਪਣਾ ਮਨ ਤਕੜਾ ਕੀਤਾ। 'ਸ਼ੰਕਰਾ ਅੱਜ ਤੈਨੂੰ ਕੀ ਹੋ ਗਿਆ ?' ਉਹ ਮੰਜੀ ਤੋਂ ਉਠਿਆ ਤੇ ਦੋਵੇਂ ਲੱਤਾਂ ਇਕ ਪਾਸੇ ਨੂੰ ਕਰਕੇ ਬਹਿ ਗਿਆ। ਏਨੀ ਨੂੰ ਬਾਹਰੋਂ ਮੀਤਾ ਆ ਗਿਆ। ਜਿਸ ਨੂੰ ਵੇਖ ਜੈਲਦਾਰ ਦੇ ਬੋਲ ਉਸ ਦੇ ਕੰਨਾਂ 'ਚ ਗੂੰਜਣ ਲੱਗੇ। "ਸ਼ੰਕਰਾ ਹੁਣ ਤੂੰ ਸਾਰੀ ਉਮਰ ਕੰਮ ਹੀ ਕਰੀ ਜਾਣਾ, ਤੇਰੇ ਤਾਂ ਹੁਣ ਆਰਾਮ ਕਰਨ ਦੇ ਦਿਨ ਨੇ।"

"ਬਾਪੂ ਕੀ ਗੱਲ ਸਿਹਤ ਠੀਕ ਏ ?" ਮੀਤੇ ਨੇ ਸ਼ੰਕਰ ਦੀ ਉਖੜੀ ਹੋਈ ਹਾਲਤ ਵੇਖ ਉਸਨੂੰ ਪੁੱਛਿਆ।

"ਸਾਲਿਆ ਮੈਨੂੰ ਕੀ ਹੋਇਆ ? ਏਹ ਦੱਸ ਤੂੰ ਕਿਥੋਂ ਆਇਆਂ। ਸ਼ੰਕਰ ਨੂੰ ਮੀਤੇ ਦੇ ਬੋਲ ਜ਼ਹਿਰ ਵਾਂਗ ਲੜੇ। ਮੀਤੇ ਨੇ ਪਹਿਲੀ ਵਾਰ ਸ਼ੰਕਰ ਦੇ ਮੂੰਹੋਂ ਫ਼ਿਟਕਾਰ ਸੁਣੀ ਤੇ ਉਹ ਘਬਰਾਇਆ ਹੋਇਆ ਬੋਲਿਆ "ਕੋਲੇ ਵੱਲ ਗਿਆ ਸੀ ਪੁੱਛਣ, ਕਦੋਂ ਕੁ ਚੱਲੀਏ ਕਾਲਜ ਨੂੰ ਅੱਜ ਦਾਖਲ ਹੋਣ ਦੀ ਆਖਰੀ ਤਾਰੀਖ ਏ।"

"ਚੱਕਿਆ ਕਾਲਜ ਦਾ, ਅੰਦਰ ਤੇਰੀ ਮਾਂ ਬਿਮਾਰ ਪਈ ਤੇ ਤੈਨੂੰ ਕਾਲਜ ਸੁਝਦਾ, ਕੁਝ ਅਕਲ ਕਰ। ਹੁਣ ਤੇਰੀ ਉਮਰ ਸਾਨੂੰ ਬੈਠਿਆਂ ਨੂੰ ਖਵਾਉਣ ਦੀ ਏ।" ਸ਼ੰਕਰ ਭੋਲੇ ਭਾਲੇ ਮੀਤੇ ਤੇ ਠੂੰਏ ਵਾਂਗ ਲੜਿਆ ਤੇ ਉਹ ਆਪਣੇ ਪਿਉ ਦੀ ਬਦਲੀ ਹੋਈ ਨੀਅਤ ਵੇਖ



ਸਮਝ ਗਿਆ ਜ਼ਰੂਰ ਕਿਸੇ ਨੇ ਪਿੰਡ 'ਚੋਂ ਚੁੱਕਿਆ ਹੋਣਾ ਨਹੀਂ ਤਾਂ ਪਹਿਲਾਂ ਤਾਂ ਕਦੇ ਨਹੀਂ ਸੀ ਬੋਲਿਆ ਬਾਪੂ।

"ਤੈਨੂੰ ਕੀ ਹੋ ਗਿਆ ਚੰਗੇ ਭਲੇ ਨੂੰ ਬਾਪੂ ? ਕੱਲ੍ਹ ਤਾਂ ਤੂੰ ਕਹਿੰਦਾ ਸੀ ਮੈਂ ਆਪਣੇ ਪੁੱਤ ਨੂੰ ਐਮ. ਏ. ਕਰਾਊਂ।"

"ਮੈਥੋਂ ਨਹੀਂ ਹੁਣ ਦੇ ਹੁੰਦੇ ਪੜ੍ਹਾਈਆਂ ਦੇ ਖਰਚੇ। ਹੁਣ ਤੂੰ ਮੇਰੀ ਮਦਦ ਕਰ, ਮਦਦ। ਇਕ ਵਾਰ ਫਿਰ ਜ਼ੁੰਮੇਂਵਾਰੀਆਂ ਦਾ ਭਾਰ ਸ਼ੰਕਰ ਦੇ ਦਿਮਾਗ ਤੇ ਭਾਰੂ ਹੋਇਆ ਤੇ ਉਹ ਡਰ ਗਿਆ। ਉਸਨੂੰ ਆਪਣੇ ਮੋਢੇ ਇਨ੍ਹਾਂ ਜ਼ੁੰਮੇਂਵਾਰੀਆਂ ਦੇ ਬੋਝ ਥੱਲੇ ਕੜਕ ਕੜਕ ਕਰਕੇ ਟੁੱਟਦੇ ਜਾਪੇ।

"ਬਾਪੂ ਮੈਂ ਤੈਨੂੰ ਕਲ੍ਹ ਵੀ ਆਖਿਆ ਸੀ ਕਿ ਪੜ੍ਹਾਈ ਦਾ ਖਰਚ ਮੈਂ ਆਪ ਤੋਰ ਲਊਂ। ਨਾਲੇ ਐਤਕਾਂ ਵਜੀਫਾ ਵੀ ਮਿਲ ਜਾਣਾ।" ਮੀਤੇ ਨੇ ਬੜੇ ਹੌਂਸਲੇ ਤੇ ਆਸ ਨਾਲ ਆਖਿਆ।

"ਪਰ ਘਰ ਦਾ ਖਰਚ ਤੇਰਾ ਪਿਉ ਚਲਾਊਂ ? ਮੈਂ ਨਹੀਂ ਸਾਰੇ ਸਿਆਪੇ ਕਰ ਸਕਦਾ।"

"ਬਾਪੂ ਘਰ ਤਾਂ ਅੱਗੇ ਵੀ ਚੱਲੀ ਜਾਂਦਾ। ਉਦਣ ਤੂੰ ਸਾਡੇ ਮਾਸਟਰ ਨੂੰ ਤਾਂ ਆਖ ਦਿੱਤਾ ਸੀ ਮੈਂ ਇਹਨੂੰ ਪੜਨੋਂ ਨਹੀਂ ਹਟਾਉਂਦਾਂ।" ਮੀਤੇ ਨੇ ਇਕ ਤਰਲਾ ਕੀਤਾ।

"ਉਦਣ ਮੈਂ, ਸ਼ਟਾਮ ਤੇ ਤਾਂ ਨਹੀਂ ਸੀ ਲਿਖ ਦਿਤਾ। ਕਾਲਜ ਜਾ ਕੇ ਕਿਹੜਾ ਮੁੰਡੇ ਪੜ੍ਹਦੇ ਆ। ਬੱਸਾਂ ਦੇ ਸ਼ੀਸ਼ੇ ਈ ਤੋੜਦੇ ਆ। ਨਾਲੇ ਤਰਖਾਣਾ ਦਾ ਗਿੰਦਰ ਪੜਕੇ ਰੰਗ ਲਾਦੂ ਤੇ ਮਿੰਦਰ ਨੇ ਰੰਗ ਲਾ ਤੇ।" ਹੁਣ ਮੀਤੇ ਦੇ ਦਿਮਾਗ 'ਚ ਪੱਕੀ ਗੱਲ ਬਹਿ ਗਈ ਕਿ ਜ਼ਰੂਰ ਕਿਸੇ ਨੇ ਸ਼ੰਕਰ ਨੂੰ ਉਲਟੀ ਪੱਟੀ ਪੜ੍ਹਾਈ ਏ ਨਹੀਂ ਤਾਂ ਪਹਿਲਾਂ ਤਾਂ ਕਦੇ ਇੰਜ ਕਰਦਾ ਨਹੀਂ ਸੀ ਵੇਖਿਆ। "ਬਾਪੂ ਤਰਖਾਣਾਂ ਦੇ ਗਿੰਦਰ ਨਾਲ ਤਾਂ ਮੈਂ ਬਿਲਕੁਲ ਸਹਿਮਤ ਨਹੀਂ ਪਰ ਮਿੰਦਰ ਆਲੀ ਜਿਹੜੀ ਗੱਲ ਏ ਉਸ ਤੋਂ ਜ਼ਰੂਰ ਮੈਂ ਤੇਰੇ ਨਾਲ ਸਹਿਮਤ ਆ।"

"ਬੱਸ ਬੱਸ ਲੱਗ ਗਿਆ ਤੇਰਾ ਪਤਾ ਤੂੰ ਵੀ ਚਾੜੇਂਗਾ ਚੰਨ। ਮੈਨੂੰ ਨਹੀਂ ਪਤਾ ਸੀ ਤੂੰ ਵੀ ਗਿੰਦਰ ਦਾ ਪੱਟਿਆ। ਕੰਨ ਖੋਲ ਕੇ ਸੁਣ ਲੈ। ਮੈਂ ਨਹੀਂ ਪੜ੍ਹਾਉਣਾ ਤੈਨੂੰ। ਇਹ ਮੇਰੀ ਪੱਥਰ ਤੇ ਲਕੀਰ ਏ।" ਸ਼ੰਕਰ ਗੁੱਸੇ 'ਚ ਨਾਲ ਤੂੰਬਾ ਹੋਇਆ ਬੋਲਿਆ।

ਇਹ ਸੁਣ ਮੀਤੇ ਦੇ ਹਵਾਸ ਉੱਡ ਗਏ। ਉਸ ਨੂੰ ਇੰਜ ਲਗਿਆ ਜਿਵੇਂ ਉਸ ਦੇ ਕਾਲਜੇ ਸੇਲਾ ਖੁਭ ਗਿਆ ਹੋਵੇ। ਉਸ ਦਾ ਰੰਗ ਜ਼ਰਦ ਹੋ ਗਿਆ ਤੇ ਉਹ ਪੀੜੋ ਪੀੜ ਹੋਇਆ ਬੋਲਿਆ, "ਬਾਪੂ ਮੇਰਾ ਕਸੂਰ ਕੀ ਏ ? ਜਿਹੜਾ ਤੂੰ ਬਾਹਰੋਂ ਆਉਂਦਾ ਈ ਮੇਰੇ ਤੇ ਖਫ਼ਾ ਹੋ ਗਿਆ।"

"ਤੇਰਾ ਕਸੂਰ ਹੈ ਜਾਂ ਨਹੀਂ ਏਹ ਮੈਨੂੰ ਨਹੀਂ ਪਤਾ "ਐਨਾ ਆਖਦਿਆਂ ਹੀ ਉਸ ਦੀ ਨਜ਼ਰ ਮੀਤੇ ਦੀ ਕਮੀਜ਼ ਦੀ ਜੇਬ ਤੋਂ ਥੋੜੇ ਜਿਹੇ ਬਾਹਰ ਆਏ ਨੋਟਾਂ ਤੇ ਜਾਂਦੀ ਹੈ ਉਸ ਦਾ

ਗੁੱਸਾ ਆਪੇ ਤੋਂ ਬਾਹਰ ਹੋ ਜਾਂਦਾ ਤੇ ਉਹ ਝਪਟ ਕੇ ਉਸਦੀ ਜੇਬ 'ਚੋਂ ਪੈਸੇ ਕੱਢ ਲੈਂਦਾ" "ਮਾਂ ਦਿਆ ਖਸਮਾਂ ਤੂੰ ਪੁੱਤ ਏ ਕਿ ਸਪੋਲੀਆ, ਅੰਦਰ ਤੇਰੀ ਮਾਂ ਬਿਮਾਰ ਪਈ ਦਵਾਈ ਦੁੱਖੋਂ, ਤੇ ਮੈਂ ਪੈਸੇ ਪੈਸੇ ਤੋਂ ਜਬਲਕਦਾਂ ਤੇ ਤੂੰ ਜੇਬਾਂ 'ਚ ਪੈਸੇ ਪਾ ਕੇ ਫਿਰਦੈਂ। ਉਏ ਤੈਨੂੰ ਸ਼ਰਮ ਹੈ।" ਤਾੜ ਕਰਦਾ ਥੱਪੜ ਮੀਤੇ ਦੀ ਗੱਲ੍ਹ ਤੇ ਮਾਰਦਾ ਤੇ ਮੀਤਾ ਡੂੰਨ **ਵੱਟਾ ਜਿਹਾ ਇਹ** ਸਭ ਵੇਖਦਾ ਸਿਸਕੀਆਂ ਭਰਨ ਲੱਗਦੈ।

ਸ਼ੰਕਰ ਦੀ ਉੱਚੀ ਆਵਾਜ ਸੁਣ ਕੇ ਜੀਤੋ ਕੰਧ ਦਾ ਆਸਰਾ ਲਈ ਵਿਹੜੇ 'ਚ ਆ ਜਾਂਦੀ ਹੈ "ਨਾ ਤੁਹਾਨੂੰ ਕੀ ਹੋ ਗਿਆ ? ਜਿਹੜਾ ਜਵਾਨ ਪੁੱਤ ਤੇ ਹੱਥ ਚੁੱਕਦਾ।"

ਮੀਤਾ ਮਾਂ ਨੂੰ ਵੇਖ ਉੱਚੀ ਉੱਚੀ ਰੋਣ ਲਗਦੈ। ਸ਼ੰਕਰ ਇਕ ਵਾਰ ਫਿਰ ਝਈ ਲੈ ਕੇ ਮੀਤੇ ਨੂੰ ਪੈਂਦਾ, "ਪਾਉਂਦਾਂ ਤੈਨੂੰ ਕਾਲਜ ਸਾਲਿਆ ਤੇਰੀ ਸਿਰੀ ਨਾ ਮਿੱਧੀ ਤਾਂ ਮੈਨੂੰ ਵੀ ਚੂੜ੍ਹੇ ਦਾ ਪੁੱਤ ਨਾ ਆਖੀ।"

"ਨਾ ਤੁਸੀਂ ਕੁਝ ਤੇ ਅਕਲ ਕਰੋ, ਐਵੇਂ ਮੁੰਡੇ ਨੂੰ ਟੁੱਟ ਟੁੱਟ ਪੈਂਦੇ ਹੋ" ਜੀਤੋ ਦੋਵਾਂ ਵਿਚਾਲੇ ਆਣ ਖੜੀ।

"ਸਾਂਭ ਆਪਣੇ ਲਾਡਲੇ ਨੂੰ, ਤੇਰੇ ਲਾਡਾਂ ਨੇ ਮੁੰਡਾ ਵਿਗਾੜ ਤਾ। ਓਦਣ ਕਹਿੰਦੀ ਸੀ ਬੜਾ ਸਿਆਣਾ ਮੇਰਾ ਪੁੱਤ, ਚੰਨ ਲਾ ਤੇ ਚੰਨ, ਵੱਡੇ ਸਿਆਣੇ ਨੇ" ਸ਼ੰਕਰ ਨੂੰ ਕੋਈ ਪਤਾ ਨਹੀਂ ਸੀ ਉਹ ਕੀ ਆਖੀ ਜਾ ਰਿਹਾ।

"ਆਖਰ ਗੱਲ ਵੀ ਦੱਸੋ ਕੋਈ ਗਾਲ ਉਲਾਂਭਾ ਲਿਆਂਦਾ ਮੇਰੇ ਪੁੱਤ ਨੇ।

"ਗਾਲ ਉਲਾਂਭਾ...ਸੀਰਨੇ ਨਾ ਪੀ ਜਾਊ ਇਹਦੇ।"

"ਉਹ ਤੁਹਾਨੂੰ ਹੋ ਕੀ ਗਿਆ ਅੱਜ। ਕੋਈ ਗੱਲ ਵੀ ਪਤਾ ਲੱਗੇ ਐਵੀਂ ਵਿਹੜਾ ਚੁੱਕਿਆ।"

"ਮੈਨੂੰ ਜੋ ਹੋਣਾ ਸੀ ਉਹ ਹੋ ਗਿਆ। ਪਰ ਤੂੰ ਸੁਣ ਲੈ ਧਿਆਨ ਨਾਲ, ਮੈਂ ਇਸ ਚਿਮਗਿੱਦੜ ਨੂੰ ਪੜ੍ਹਨੇ ਨਹੀਂ ਪਾਉਣਾ।"

"ਤੁਹਾਨੂੰ ਸੁਦਾਅ ਹੋਇਆ। ਪੜ੍ਹਨੇ ਨਹੀਂ ਪਾਉਣਾ। ਕਿਉਂ ਨਹੀਂ ਪੜ੍ਹਨੇ ਪਾਉਣਾ।" ਜੀਤੋ ਸ਼ੰਕਰ ਨੂੰ ਗੁੱਸੇ 'ਚ ਸੰਬੋਧਨ ਹੁੰਦੀ ਹੈ।

"ਏਹ ਰਲਿਆ ਗਿੰਦਰ ਦੀ ਟੋਲੀ ਨਾਲ। ਓਹਨੇ ਪਿੰਡ ਦੇ ਗੱਭਰੂ ਕਿਸੇ ਕਾਰੀ ਦੇ ਨਹੀਂ ਛੱਡੇ, ਲਾਲ ਜਿਹਾ ਝੰਡਾ ਲੈ ਕੇ ਲਫੰਡਰ ਵਿਹਲੇ ਤੁਰੇ ਫਿਰਦੇ ਤੇ ਮੈਂ.. ... ਮੈਂ ਤਾਂ ਨਹੀਂ ਵਿਹਲਾ ਘੁੰਮਣ ਦੇਣਾ।"

"ਮੈਨੂੰ ਤਾਂ ਕੋਈ ਭੈੜ ਨਹੀਂ ਦੀਹਦੀ ਗਿੰਦਰ 'ਚ। ਇਹ ਤਾਂ ਮੁੰਡਾ ਬੜਾ ਸਾਊ ਏ।"

"ਚੱਕੀ ਏ ਸਾਊ ਦੀ। ਜਾ ਜਾ ਕੇ ਪੁੱਛ ਉਹਦੇ ਪਿਉ ਤੋਂ। ਓਹ ਸਾਰਾ ਦਿਨ ਮੰਜੀਆਂ ਦੇ ਪਾਵੇ ਠੋਕਦਾ ਤੇ ਗਿੰਦਰ...... ਗਿੰਦਰ ਵੇਹਲੜ ਹੜਤਾਲ ਕਰਦਾ ਰਹਿੰਦਾ



ਤੇ ਤੂੰ...... ਤੂੰ ਵੀ ਕੰਨਾਂ 'ਚੋਂ ਮੈਲ ਕੱਢ ਕੇ ਸੁਣ ਲੈ, ਮੈਂ ਮੀਤੇ ਵਾਲਾ ਇੰਤਜ਼ਾਮ ਕਰ ਆਇਆਂ।"

" ਕੀ ਕਰ ਆਏ ਤੁਸੀਂ ਇੰਤਜ਼ਾਮ ?" ਜੀਤੋ ਬੜੀ ਸਹਿਜ ਹੋ ਕੇ ਸੁਵਾਲੀਆ ਨਜ਼ਰਾਂ ਨਾਲ ਸ਼ੰਕਰ ਵੱਲ ਵੇਖਦੀ ਹੈ।

"ਮੈਂ ਇਹਨੂੰ...... ਜ਼ੈਲਦਾਰਾਂ ਦਾ ਸੀਰੀ...... ਉਹ ਕਹਿੰਦਾ ਸੀ ਡੇਢ ਹਜ਼ਾਰ ਸਾਲ ਦਾ ਦਿਆਂਗੇ ਤੇ ਤਿੰਨ ਕੁਇੰਟਲ ਕਣਕ, ਕਪੜਾ ਲੀੜਾ ਵੀ ਉਹਨਾਂ ਦਾ।" ਸ਼ੰਕਰ ਜੇਬ 'ਚ ਖੜਕਦੇ ਨੋਟਾਂ ਨੂੰ ਇਕ ਵਾਰ ਲਲਚਾਈਆਂ ਅੱਖਾਂ ਨਾਲ ਵੇਖਦਾ ਹੋਇਆ ਆਪਣੇ ਦਿਲ ਦੀ ਗੱਲ ਕਹਿ ਜਾਂਦਾ।

'ਸੀਰੀ' ਸ਼ਬਦ ਸੁਣਕੇ ਮਾਂ ਦਾ ਕਲੇਜਾ ਫੱਟਣ ਨੂੰ ਆ ਜਾਂਦਾ ਤੇ ਮੀਤੇ ਦੀਆਂ ਅੱਖਾਂ ਅੱਡੀਆਂ ਰਹਿ ਜਾਂਦੀਆਂ ਜਿਵੇਂ ਪੱਕੀ ਫ਼ਸਲ ਤੇ ਬਿਜਲੀ ਪੈ ਗਈ ਹੋਵੇ।

"ਮੇਰੇ ਪੁੱਤ ਨੂੰ ਸੀਰੀ ? 'ਕਲਯੋਗੀਆ' ਤੂੰ ਮੇਰੇ ਜਿਊਂਦੇ ਜੀਅ ਵੇਚ ਆਇਆ ਮੇਰੇ ਪੁੱਤ ਨੂੰ।' ਓਹ ਦੁਹੱਥੜ ਮਾਰਦੀ ਹੈ। ਫਿਰ ਉਸਦੇ ਬੋਲਾਂ ਵਿਚ ਦ੍ਰਿੜਤਾ ਆ ਜਾਂਦੀ "ਹੈਅ ਕਿਸੇ ਦੀ ਮਜਾਲ ਜਿਹੜਾ ਮੇਰੇ ਮੀਤੇ ਨੂੰ 'ਸੀਰੀ' ਲਾਵੇ, ਸੀਰਮੇ ਪੀ ਜਊ ਉਹਦੇ। ਮੈਂ ਦਿਹਾ-ੜੀਆਂ ਕਰ ਲਊਂ ਲੋਕਾਂ ਦੇ ਭਾਂਡੇ ਮਾਂਜ ਲਊਂ ਪਰ ਆਪਣੇ ਬੱਚੇ ਨੂੰ ਸੀਰੀ...... ਏਹ ਮੈਂ ਜਿਊਂਦੇ ਜੀਅ ਨਹੀਂ ਹੋਣ ਦੇਵਾਂਗੀ।"

"ਬਾਹਲਾ ਈ ਹੇਜ ਏ ਪੁੱਤ ਦਾ ਤਾਂ ਫਿਰ ਦੇ ਪੈਸੇ ਦਾਖਲੇ ਲਈ, ਵੱਡੀ ਪੁੱਤ ਆਲੀ ਏ।' ਗਿੰਦਰ ਗੁੱਸਾ ਨਿਗਲਦਾ ਹੈ।

"ਦੇ ਦੂੰ ਪੈਸੇ ਦਾਖਲੇ ਲਈ, ਹੋਰ ਤੇਰੇ ਤੇ ਨਹੀਂ ਸੁੱਟਿਆ। ਜਿਹਨਾਂ ਦੇ ਨਿੱਕਿਆਂ ਨਿੱਕਿਆਂ ਦੇ ਮਾਪੇ ਮਰ ਜਾਂਦੇ ਉਹਨਾਂ ਨੂੰ ਵੀ ਓਹ ਨੀਲੀ ਛੱਤ ਵਾਲਾ ਵੇਖਦਾ ਤੇ ਮੈਂ ਹਾਲੇ ਜਿਊਂਦੀ ਹਾਂ।" ਐਨਾ ਆਖ ਉਹ ਅੰਦਰ ਚਲੇ ਜਾਂਦੀ ਹੈ ਇਸੇ ਦੌਰਾਨ ਪਿਉ ਪੁੱਤ ਵਿਚ-ਕਾਰ ਚੁੱਪ ਤਣੀ ਰਹਿੰਦੀ ਹੈ। ਬੋਹੜੀ ਦੇਰ ਬਾਅਦ ਜੀਤੋ ਅੰਦਰੋਂ ਆਉਂਦੀ ਹੋਈ "ਲੈ ਪੁੱਤ ਫੜ ਮੇਰੀਆਂ ਟੂੰਬਾਂ, ਦੇ ਆ ਦਾਖਲਾ।" ਏਹ ਸੁਣ ਮੀਤਾ ਸੁੰਨ ਹੋ ਜਾਂਦਾ ਹੈ ਤੇ ਮਾਂ ਦੀ ਮਮਤਾ ਵੇਖ ਉਸਦੀਆਂ ਅੱਖਾਂ 'ਚੋਂ ਖ਼ੁਸ਼ੀ ਦੇ ਅੱਥਰੂ ਵੱਗ ਤੁਰਦੇ ਹਨ ਨਹੀਂ...... ਨਹੀਂ ਮਾਂ ਮੈਂ ਤੇਰੀਆਂ ਟੂੰਬਾਂ.........'

ਟੂੰਬਾਂ ਵੇਖ ਸ਼ੰਕਰ ਦੀ ਹਾਲਤ ਹਾਰੇ ਹੋਏ ਜਵਾਰੀਏ ਵਰਗੀ ਹੋ ਜਾਂਦੀ ਹੈ ਤੇ ਉਸਨੂੰ ਖੋਹ ਜਿਹੀ ਪੈਂਦੀ ਹੈ ਤੇ ਗੁੱਸਾ ਦਿਮਾਗ ਦੀਆਂ ਨਾੜਾਂ 'ਚ ਖਿੱਲਰ ਗਿਆ ਹੈ "ਠਹਿਰ ਜਾ ਤੈਨੂੰ ਦਿੰਦਾ ਟੂੰਬਾਂ। ਕਿਹੜੇ ਖਸਮ ਕੋਲੋਂ ਲਿਆਈ ਸੀ ਟੂੰਬਾਂ ?" ਉਹ ਬਾਜ ਵਾਂਗ ਟੂੰਬਾਂ ਤੇ ਝਪਟਦਾ ਹੈ। ਜੀਤੋ ਜ਼ੋਰ ਨਾਲ ਮੁੱਠ ਮੀਚ ਲੈਂਦੀ ਹੈ। ਸ਼ੰਕਰ 'ਮਰਦਾਂ' ਵਾਲੀ ਹੈਂਕੜ 'ਚ ਉਸਦੀ ਮੁੱਠ ਤੇ ਝਪਟਦਾ ਹੈ ਤੇ ਮੀਤਾ ਇਹ ਵੇਖ ਵਿਹੜਿਉਂ ਬਾਹਰ ਹੋ ਜਾਂਦਾ ਹੈ।

284-ਅਬਾਦਪੁਰਾ, ਜਲੰਧਰ

—o—

## ਗ਼ਜ਼ਲ/ਸੁਰਜੀਤ ਜੱਜ

ਚਸ਼ਮਿਆਂ ਦੀ ਥਾਂ ਤੁਸੀਂ ਜਦ ਵੀ ਪਿਆਸੇ ਥਲ ਬਣੇ,
ਸਾਗਰ ਮਹੱਈਆ ਹੋਣਗੇ, ਸਾਨੂੰ ਤੁਹਾਡਾ ਫ਼ਿਕਰ ਹੈ,
ਥੜਕਣਾਂ ਉੱਤੇ ਤੁਸੀਂ ਜਦ ਲਿਖ ਲਵੋਂਗੇ ਜ਼ਿੰਦਗੀ,
ਖ਼ੰਜਰ ਮੁਹੱਈਆ ਹੋਣਗੇ, ਸਾਨੂੰ ਤੁਹਾਡਾ ਫ਼ਿਕਰ ਹੈ।

ਬਹੁਤ ਬਚ-ਬਚ ਕੇ ਹਵਾ ਵਗਦੀ ਹੈ ਏਥੇ, ਜਾਪਦੈ,
ਆ ਗਿਆ ਹੈ ਹਰ ਕੋਈ, ਮੱਥੇ 'ਚ ਦੀਵਾ ਬਾਲ ਕੇ,
ਜੋ ਆਸਾਨੀ ਨਾਲ ਹੀ ਚੁੰਧਿਆ ਸਕਣ ਸਭ ਦੇ ਲਈ,
ਨੇਤਰ ਮੁਹੱਈਆ ਹੋਣਗੇ, ਸਾਨੂੰ ਤੁਹਾਡਾ ਫ਼ਿਕਰ ਹੈ।

ਹੱਕ ਹਾਸਿਲ ਸਾਰਿਆਂ ਨੂੰ, ਹੈ ਸ਼ਹਾਦਤ ਦੇਣ ਦਾ,
ਹੋ ਸਕੇ ਕੁਰਬਾਨ ਤਾਂ ਕਿ ਜਿਸ ਤਰਾਂ ਚਾਹੋ ਤੁਸੀਂ,
ਮੱਠ, ਗਿਰਜੇ, ਗੁਰਦਵਾਰੇ, ਮਸਜਿਦਾਂ ਹਰ ਮੋੜ 'ਤੇ,
ਮੰਦਰ ਮੁਹੱਈਆ ਹੋਣਗੇ, ਸਾਨੂੰ ਤੁਹਾਡਾ ਫ਼ਿਕਰ ਹੈ।

ਸ਼ੀਸ਼ੇ ਦੇ ਬਸਤਰ ਪਹਿਨ ਕੇ, ਜੋ ਆ ਖੜੀ ਹੈ ਸਾਹਮਣੇ,
ਲੱਗਦੈ ਤੁਸੀਂ ਭੈਭੀਤ ਹੋ ਆਪਣੀ ਖ਼ੁਦੀ ਦੇ ਤੇਜ਼ ਤੋਂ,
ਹੌਂਸਲਾ ਰੱਖੋ ਵਫ਼ਾ ਪਰਖੋ ਅਸਾਡੀ ਬਸ ਹਣੇ,
ਪੱਥਰ ਮੁਹੱਈਆਂ ਹੋਣਗੇ, ਸਾਨੂੰ ਤੁਹਾਡਾ ਫ਼ਿਕਰ ਹੈ।

ਆਲ੍ਹਣੇ ਦਾ ਮੋਹ ਭੁਲਾਇਆ, ਸ਼ਾਖ਼ ਨੂੰ ਦਿੱਤਾ ਦਗਾ,
ਚੂਰੀਆਂ 'ਤੇ ਪਰਚ ਗਏ ਹੋ, ਪਰ ਲਏ ਗਿਰਵੀ ਰਖਾ,
ਹੁਣ ਤੁਹਾਡੇ ਉੱਡਣ ਲਈ, ਚਹਿਕਣ ਲਈ ਹਰ ਦਿਨ ਨਵੇਂ,
ਅੰਬਰ ਮੁਹੱਈਆ ਹੋਣਗੇ, ਸਾਨੂੰ ਤਹਾਡਾ ਫ਼ਿਕਰ ਹੈ।

ਵਕਤ ਸਿਰ ਸ਼ਾਹੀ ਕਲੰਦਰ ਬਣ ਗਏ ਹੋ, ਸ਼ੁਕਰੀਆ,
ਡੁਗਡੁਗੀ ਜਦ ਵੀ ਵਜਾਓਗੇ, ਸ਼ਰ੍ਹਾ ਦੇ ਨਾਮ 'ਤੇ,
ਝੱਟ ਸੇਵਾ ਵਿਚ ਤੁਹਾਡੀ ਪਾਲਤੂ ਪਰਖੇ ਹੋਏ,
ਬਾਂਦਰ ਮੁਹੱਈਆ ਹੋਣਗੇ, ਸਾਨੂੰ ਤੁਹਾਡਾ ਫ਼ਿਕਰ ਹੈ।

ਫਿਰ ਤੁਹਾਡੇ ਧੜਾਂ ਉੱਤੇ ਉੱਗ ਆਏ ਸਿਰ ਅਗਰ,
ਤੇ ਸਰਾਪੇ ਪੈਰ ਕਬਰਾਂ ਤੋਂ ਘਰਾਂ ਨੂੰ ਮੁੜ ਪਏ,
ਏਸ ਅਣਹੋਣੀ ਤੋਂ ਪਹਿਲਾਂ ਹੀ ਤੁਹਾਡੇ ਵਾਸਤੇ
ਬੰਕਰ ਮੁਹੱਈਆ ਹੋਣਗੇ, ਸਾਨੂੰ ਤੁਹਾਡਾ ਫ਼ਿਕਰ ਹੈ।



ਭੇਟ ਕੀਤੇ ਨੇ ਤੁਸੀਂ ਕਲਬੂਤ ਜਿਹੜੇ ਤੇਗ ਦੀ,
ਇਹ ਪਵਿੱਤਰ ਅੰਕੜੇ, ਮਹਿਫ਼ੂਜ਼ ਰੱਖੇ ਜਾਣਗੇ,
ਦਿਲ ਕਰੇ ਜਦ ਵੀ ਸ਼ਨਾਖ਼ਤ ਕਰਨ ਆ ਜਾਇਓ ਤੁਸੀਂ,
ਪਿੰਜਰ ਮੁਹੱਈਆ ਹੋਣਗੇ, ਸਾਨੂੰ ਤੁਹਾਡਾ ਫਿਕਰ ਹੈ।

ਸੌਂਪਿਆ ਜਾਊ ਤੁਹਾਨੂੰ ਫੇਰ ਇਕ ਬੇਗ਼ਮਪੁਰਾ,
ਕਰ ਸਕੋ 'ਸੁਰਜੀਤ' ਜਿਸ ਨੂੰ ਸੁਪਨਿਆਂ ਅੰਦਰ ਤੁਸੀਂ,
ਘਰ ਨਹੀਂ ਤਾਂ ਕੀ ਹੋਇਆ, ਘਰ ਦੀ ਕਲਪਣਾ ਵਾਸਤੇ,
ਖੰਡਰ ਮੁਹੱਈਆ ਹੋਣਗੇ, ਸਾਨੂੰ ਤੁਹਾਡਾ ਫ਼ਿਕਰ ਹੈ।

B-62, ਗਰੀਨ ਪਾਰਕ, ਫ਼ਗਵਾੜਾ

★

## ਹਿੰਦੀ ਗ਼ਜ਼ਲ/ਖ਼ੁਰਸ਼ੀਦ ਤਲਬ

ਦਿਨ ਕੇ ਉਜਲੇ ਮੰਜ਼ਰ ਉਨਕੇ, ਕਾਲੀ ਰਾਤ ਹਮਾਰੀ,
ਭਈਆ, ਅਬਕੇ ਯੁਗ ਮੇਂ ਕਿਆ ਹਮ, ਕਿਆ ਔਕਾਤ ਹਮਾਰੀ !

ਹਮ ਕੀਚੜ ਮੇਂ ਰਹਿਨੇ ਵਾਲੇ ਆਦੀਵਾਸੀ ਲੋਗ,
ਭਈਆ, ਕੈਸੇ ਸਰਦੀ-ਗਰਮੀ ਕਿਆ ਬਰਸਾਤ ਹਮਾਰੀ।

ਰਾਤ ਕੇ ਗ਼ਲਿਆਰੇ ਮੇਂ ਦੇਖਾ ਮਖ਼ਮਲ ਟਾਟ ਕੋ ਮਿਲਤੇ,
ਭਈਆ, ਅਪਨੇਂ ਕਾਨੋਂ ਤੱਕ ਹੀ ਰੱਖਨਾ ਬਾਤ ਹਮਾਰੀ।

ਸ਼ਹਿਰ ਕੇ ਸਾਰੇ ਸ਼ੁਰਫ਼ਾ-ਸੱਯਦ ਰਿਸ਼ਤੇ ਲੇਕਰ ਆਏ,
ਭਈਆ, ਅਪਨੇ ਦਿਨ ਕਿਆ ਬਦਲੇ, ਬਦਲੀ ਜ਼ਾਤ ਹਮਾਰੀ।

ਕਬ ਉਜੜੇਂਗੇ ਹਮ ਧਰਤੀ ਸੇ ਪਿਛੜੇਪਨ ਕੇ ਪਾਂਵ,
ਭਈਆ, ਜੀਵਨ-ਯੁੱਧ ਮੇਂ ਕਬ ਤੱਕ ਹੋਗੀ ਮਾਤ ਹਮਾਰੀ ?

ਠਾਕੁਰ ਕੀ ਕੋਠੀ ਮੇਂ ਜਬ ਭੀ ਲਗਤਾ ਹੈ ਦਰਬਾਰ,
ਭਈਆ ਬੰਟ ਜਾਤੀ ਹੈ ਇੱਜ਼ਤ ਹਾਥੋਂ-ਹਾਥ ਹਮਾਰੀ।

ਔਰ, 'ਤਲਬ' ਵੋ ਹੋਂਗੇ ਜਿਨਕੀ ਹੋਤੀ ਬਾਤ ਬੜੀ,
ਭਈਆ, ਹਮ ਛੋਟੇ ਮੂੰਹ ਵਾਲੇ, ਛੋਟੀ ਬਾਤ ਹਮਾਰੀ।

(ਜਤਨ ਤ੍ਰੈਮਾਸਕ 'ਚੋਂ)

—o—

## ਬੇਲੇ 'ਚ ਬਘੇਲਾ

ਅਰਸ਼ਾਦ ਇਹਜਾਜ਼ ਰਾਣਾ (ਪਾਕਿਸਤਾਨ)

ਕੁੜੀ ਦਾ ਨਾਂ ਈ ਸੰਦਲ ਨਹੀਂ ਸੀ, ਸਗੋਂ ਸੋਹਣੇ ਰੰਗ ਦੇ ਨਾਲ-ਨਾਲ ਦਿਲ ਵਿਚ ਉਤਰਨ ਵਾਲੀ ਸੰਦਲ ਦੀ ਨਿੱਘੀ ਜੇਹੀ ਖ਼ੁਸ਼ਬੂ ਵੀ ਰੱਖਦੀ ਸੀ। ਉਹ ਜਿੱਥੋਂ ਵੀ ਲੰਘਦੀ, ਸੰਦਲ ਦੇ ਸ਼ਰਬਤ ਦੀ ਠੰਢੀ ਫੁਹਾਰ ਛਿੜਕ ਜਾਂਦੀ। ਏਧਰੋਂ ਪੂਰੇ ਪਿੰਡ ਦੇ ਮਾਲਿਕ ਤਰਤਾਲੀਆਂ ਵਰ੍ਹਿਆਂ ਦੇ ਖ਼ਾਨ ਜ਼ਮੀਰ ਦਾ ਦੂਜਾ ਵਿਆਹ ਹੋਇਆ ਤੇ ਉਧਰੋਂ ਸੰਦਲ ਤੇ ਜਵਾਨੀ ਦਾ ਪਹਿਲਾ ਰੰਗ ਫਿਰਿਆ ਤੇ ਉਹਦੇ ਗੁਲਾਬੀ ਬੁੱਲ੍ਹਾਂ ਵਿਚੋਂ ਲਹੂ ਚੋਣ ਲੱਗ ਪਿਆ ਤੇ ਸੰਦਲੀ ਗੱਲ੍ਹਾਂ ਤੇ ਗੁਲਾਬ ਦੀਆਂ ਡੋਡੀਆਂ ਖਿੜ-ਖਿੜ ਹੱਸਣ ਲੱਗ ਪਈਆਂ। ਖ਼ਾਨ ਜ਼ਮੀਰ ਦੀ ਵੱਡੇ ਮਲੂਕਾਂ ਦੀ ਧੀ, ਅਠਾਰਾਂ ਵਰ੍ਹਿਆਂ ਦੀ ਕੜ੍ਹੇਲ ਜਵਾਨ ਵਹੁਟੀ ਇਸ਼ਰਤ ਨੇ ਕਾਰ 'ਚੋਂ ਨਿਕਲ ਜਦ ਪਹਿਲੀ ਵਾਰੀ ਖ਼ਾਨ ਜ਼ਮੀਰ ਦੀ ਮਹੱਲਾਂ ਵਰਗੀ ਹਵੇਲੀ 'ਚ ਪੈਰ ਧਰਿਆ ਤੇ ਸਭ ਤੋਂ ਪਹਿਲਾਂ ਗੋਟੇ ਭਰੇ ਦੁਪੱਟੇ ਤੇ ਸੁਨਹਿਰੀ ਲੈਸ ਲੱਗੀ ਚਾਦਰ ਵਿਚੋਂ ਚੋਰ ਅੱਖ ਨਾਲ ਆਪਣੀ ਅਗਵਾਈ ਲਈ ਖੜੋਤੀਆਂ ਤੇ ਖਿੱਲੀ ਮਾਰ ਕੇ ਹੱਸਦੀਆਂ ਸਹੇਲੀਆਂ ਦੇ ਪਰਾਗੇ ਵਿਚ ਸੰਦਲ ਨੂੰ ਵੇਖਿਆ ਤਾਂ ਆਪਣੀ ਡੁਲ੍ਹਕਾਂ ਮਾਰਦੀ ਅੱਥਰ ਜਵਾਨੀ ਤੇ ਸਹੱਪਣ ਦੇ ਬਾਵਜੂਦ ਪੱਥਰ ਜੇਹੀ ਹੋ ਗਈ।

ਦੂਜੇ ਤੀਜੇ ਦਿਨ ਓਸ ਨੂੰ ਪਤਾ ਲੱਗਿਆ ਕਿ ਇਹ ਸੰਦਲ ਉਹਨਾਂ ਦੇ ਜੱਦੀ ਪੁਸ਼ਤੀ ਮੁਜ਼ਾਰੇ ਬਹਾਵਲ ਦੀ ਲਾਡਲੀ ਧੀ ਏ। ਇਸ਼ਰਤ ਨੇ ਖ਼ਾਨ ਹੋਰਾਂ ਨਾਲ ਜ਼ਿੱਦ ਕਰਕੇ ਸੰਦਲ ਨੂੰ ਆਪਣੀ ਖਿਦਮਤ ਲਈ ਹਮੇਸ਼ਾਂ ਲਈ ਹਵੇਲੀ ਵਿਚ ਬੁਲਾ ਲਿਆ। ਉਂਝ ਤੇ ਖ਼ਾਨ ਹੋਰਾਂ ਦੀ ਸ਼ਰਾਫ਼ਤ ਤੇ ਭਲਮਾਣਸੀ ਦੀ ਧੁੰਮ ਪੂਰੇ ਇਲਾਕੇ ਵਿਚ ਸੀ ਪਰ ਫੇਰ ਵੀ ਜਵਾਨ ਧੀ ਦਾ ਮਾਮਲਾ ਸੀ। ਸੰਦਲ ਦੇ ਮਾਂ ਪਿਓ ਨੇ ਦੋ ਚਾਰ ਵਾਰੀ ਨਾਂਹ-ਨੁੱਕਰ ਤਾਂ ਕੀਤੀ ਤੇ ਹੀਲੇ ਬਹਾਨੇ ਨਾਲ ਜਾਨ ਛੁਡਾਨ ਦਾ ਤਰਾਟ ਲਾਇਆ। ਪਰ ਖ਼ਾਨ ਦੇ ਅੱਗੇ ਉਹਨਾਂ ਦੀ ਇਕ ਨਾ ਚੱਲੀ ਤੇ ਇੰਝ ਸੰਦਲ ਆਪਣੀ ਕੱਚੀ ਭੀਨੀ 'ਚੋਂ ਉੱਠ ਕੇ ਹਵੇਲੀ 'ਚ ਆ ਗਈ। ਸੰਦਲ ਸਾਰਾ ਦਿਨ ਹਵੇਲੀ 'ਚ ਰਹਿੰਦੀ ਤੇ ਇਸ਼ਰਤ ਬੀਬੀ ਦੀ ਖਿਦਮਤ ਕਰਦੀ ਤੇ ਸ਼ਾਮ ਵੇਲੇ ਵੱਡੀ ਬੀਬੀ ਨੂਰਾਂ ਨੂੰ ਸਲਾਮ ਕਰਕੇ ਆਪਣੀ ਭੀਨੀ 'ਚ ਵਾਪਸ ਆ ਜਾਂਦੀ।

ਖ਼ਾਨ ਜ਼ਮੀਰ ਦਾ ਦੂਜਾ ਵਿਆਹ ਵੱਡੀ ਬੀਬੀ ਨੂਰਾਂ ਨੇ ਆਪ ਆਪਣੇ ਹੱਥੀਂ ਕੀਤਾ ਸ਼ੀ। ਤੇਰਾਂ ਵਰ੍ਹੇ ਧਾਗੇ, ਟੂਣਾ ਟੋਕੇ, ਮਾਜੂਨ ਫੱਕੇ। ਵਲਾਇਤੀ ਤੇ ਦੇਸੀ ਦਵਾਈਆਂ ਵਰਤਣ ਦੇ ਬਾਵਜੂਦ ਉਹਦੀ ਕੁੱਖ ਵਿਚੋਂ ਕੋਈ ਜੀਅ ਨਾ ਪੁੰਗਰਿਆ ਤੇ ਉਸ ਨੇ ਹਾਰ ਕੇ ਹਥਿਆਰ ਸੁੱਟ ਦਿੱਤੇ ਤੇ ਆਪੂੰ ਆਪ ਈ ਖ਼ਾਨ ਜ਼ਮੀਰ ਲਈ ਰਿਸ਼ਤਾ ਲੱਭਣ ਟੁਰ ਪਈ। ਉਹ ਪੂਰੇ ਪਿੰਡ ਦੇ ਮਾਲਕ ਨੂੰ ਬੇਵਾਰਸਾ ਕਿਵੇਂ ਛੱਡ ਸਕਦੀ ਸੀ। ਬਾਹਰੋਂ ਤਾਂ ਬੀਬੀ ਨੂਰਾਂ ਬਹੁਤ ਖ਼ੁਸ਼ ਦਿੱਸਦੀ ਸੀ ਪਰ ਅੰਦਰੋਂ ਭਾਂਬੜ ਤੇ ਰੱਖੀ ਬੰਦ ਹਾਂਡੀ ਵਾਂਗੂੰ ਗੁੜ-ਗੁੜ



ਕਰਕੇ ਪੱਕਦੀ ਰਹਿੰਦੀ ਤੇ ਆਪਣਾ ਆਪ ਲੂੰਹਦੀ ਰਹਿੰਦੀ। ਖ਼ਾਨ ਦੀ ਹਵੇਲੀ 'ਚ ਉਹਨੂੰ ਕਿਸੇ ਸ਼ੈ ਦੀ ਥੋੜ ਤਾਂ ਨਹੀਂ ਸੀ ਪਰ ਫੇਰ ਵੀ ਉਹਦੇ ਸੁਹਾਗ ਦਾ ਬਟਵਾਰਾ ਤਾਂ ਹੋ ਈ ਗਿਆ ਸੀ। ਦੋ ਕਿੱਲਿਆਂ 'ਚ ਫੈਲੀ ਹੋਈ ਏਸ ਹਵੇਲੀ ਦੇ ਕਈ ਹਿੱਸੇ ਸਨ। ਕਿਤੇ ਪਾਰਕ, ਕਿਤੇ ਬਾਗ, ਕਿਤੇ ਕਿੰਗਰਿਆਂ ਤੇ ਮਹਿਰਾਬਾਂ ਵਾਲੇ ਭਰਵੀਆਂ ਕੰਧਾਂ ਦੇ ਬਰਾਂਡਿਆਂ ਪਿੱਛੇ ਝੁਕੇ-ਝੁਕੇ ਕਮਰਿਆਂ ਦੀਆਂ ਕਤਾਰਾਂ—ਜਿਹੜੇ ਅੰਦਰੋਂ ਮੋਢਿਆਂ ਤੀਕ ਸਾਗਵਾਨ ਦੀ ਲੱਕੜੀ 'ਚ ਜੜੇ ਹੋਏ ਸਨ। ਇਹਨਾਂ ਦੇ ਫ਼ਰਸ਼ਾਂ ਤੇ ਚੀਨੀ ਦੀਆਂ ਰੰਗ-ਬਰੰਗੀਆਂ ਫੁੱਲਾਂ ਭਰੀਆਂ ਤਿਲਕਵੀਆਂ ਟਾਇਲਾਂ ਜੜੀਆਂ ਹੋਈਆਂ ਸਨ। ਵਿਹੜਿਆਂ ਵਿਚ ਹੈਦਰਾਬਾਦੀ ਗੁਲਾਬਾਂ ਤੇ ਹਰੀਆਂ ਕਚੂਰ ਮਹਿੰਦੀ ਦੀਆਂ ਵਾੜਾਂ ਦੀ ਕੰਡ ਤੇ ਪਾਲੋ-ਪਾਲ ਅੰਬਾਂ, ਅਨਾਰਾਂ ਤੇ ਕਿੰਨੂਆਂ ਦੇ ਭਰਵੇਂ ਬੂਟਿਆਂ ਦੀ ਘਣੀ ਛਾਂ। ਹਵੇਲੀ ਦੇ ਆਲੇ-ਦੁਆਲੇ ਉੱਚੀ ਫਸੀਲ ਨੇ ਹਵੇਲੀ ਨੂੰ ਕਿਲ੍ਹੇ ਦੀ ਸ਼ਕਲ ਦੇ ਦਿੱਤੀ ਸੀ।

ਹਵੇਲੀ ਦੇ ਵਿਚਕਾਰ, ਖ਼ਾਨ ਜ਼ਮੀਰ ਦੇ ਰਿਹਾਇਸ਼ੀ ਕਮਰੇ ਤਾਂ ਵੇਖਣ ਦੇ ਲਾਇਕ ਸਨ। ਦੁਨੀਆਂ ਦੀ ਕਿਹੜੀ ਨਿਹਮਤ ਸੀ ਜਿਹੜੀ ਓਥੇ ਮੌਜੂਦ ਨਹੀਂ ਸੀ। ਕਾਲੀਨ, ਪਰਦੇ, ਸੋਫ਼ੇ, ਬੈੱਡ, ਡੈੱਕ, ਟੀ. ਵੀ., ਵੀ. ਸੀ. ਆਰ., ਹੀਟਰ, ਫਰਿਜ ਤੇ ਏਅਰ-ਕੰਡੀਸ਼ਨਰ। ਹਰ ਕਮਰੇ ਦੇ ਨਾਲ ਸ਼ਾਹੀ ਗੁਸਲਖਾਨੇ। ਇੰਝ ਲੱਗਦਾ ਸੀ ਜਿਵੇਂ ਕੋਈ ਜੰਨਤ ਦਾ ਟੁੱਕੜਾ ਜੰਨਤ 'ਚੋਂ ਤਿਲਕ ਕੇ ਜ਼ਮੀਨ ਤੇ ਉਤਰ ਆਇਆ ਹੋਵੇ।

ਇਸ਼ਰਤ ਦਾ ਖ਼ਾਨ ਜ਼ਮੀਰ ਨਾਲ ਵਿਆਹ ਕੀ ਹੋਇਆ, ਸੰਦਲ ਦਾ ਨਸੀਬਾ ਖੁੱਲ੍ਹ ਗਿਆ ਸੀ। ਦੋ ਤਿੰਨਾਂ ਮਹੀਨਿਆ 'ਚ ਈ ਸੰਦਲ ਖਾਦਮਾ ਘੱਟ ਤੇ ਇਸ਼ਰਤ ਬੀਬੀ ਦੀ ਸਹੇਲੀ ਜ਼ਿਆਦਾ ਬਣ ਗਈ ਸੀ। ਹਵੇਲੀ ਦੀ ਹਰ ਸ਼ੈ ਉਹਦੇ ਵਰਤਣ ਵਿਚ ਆਉਣ ਲੱਗ ਪਈ ਸੀ। ਸੰਦਲ ਦਿਨ ਨਿਕਲਣ ਸਾਰ ਈ ਹਵੇਲੀ ਜਾ ਅੱਪੜਦੀ। ਖ਼ਾਨ ਹੋਰੀਂ ਜ਼ਮੀਨਾਂ ਦੇ ਫੇਰੇ ਲਈ ਜਾ ਚੁੱਕੇ ਹੁੰਦੇ ਤੇ ਇਸ਼ਰਤ ਦੀ ਮਸਤ ਜਵਾਨੀ ਰੇਸ਼ਮ ਵਰਗੇ ਕੰਬਲ ਵਿਚ ਗੁੱਡੀ-ਮੁੱਛੀ ਹੋਈ ਪਈ ਹੁੰਦੀ ਤੇ ਉਸ ਦੀਆਂ ਸ਼ਾਹ ਕਾਲੀਆਂ ਜ਼ੁਲਫਾਂ ਜ਼ਹਿਰੀ ਨਾਗਣ ਵਾਂਗੂੰ ਮਖਮਲ ਦੇ ਸਰ੍ਹਾਣੇ ਤੇ ਖਿੱਲਰੀਆਂ ਹੁੰਦੀਆਂ। ਸੰਦਲ ਮੱਧਮ ਜਿਹੀ ਆਵਾਜ਼ ਨਾਲ ਡੈੱਕ ਤੇ ਅੰਗਰੇਜ਼ੀ ਸੰਗੀਤ ਲਾ ਦਿੰਦੀ ਤੇ ਇਸ ਸੰਗੀਤ ਦੀ ਮਸਤਾਨੀ ਜਿਹੀ ਥਾਪ ਨਾਲ ਇਸ਼ਰਤ ਦੇ ਕੜ੍ਹੇਲ ਸਰੀਰ 'ਚੋਂ ਨੀਂਦਰ ਦੀ ਮਸਤੀ ਥਾਪ ਬਣ ਕੇ ਉੱਠਦੀ ਤੇ ਉਸ ਦੀਆਂ ਮਸਤ ਗਜ਼ਾਲੀ ਅੱਖਾਂ ਵਿਚ ਜਾਗ ਦੇ ਦੀਵੇ ਬਲਦੇ। ਸੰਦਲ ਇਸ਼ਰਤ ਨੂੰ ਨਹਾਉਂਦੀ-ਧਵਾਉਂਦੀ, ਮੇਕਅੱਪ ਕਰਦੀ ਤੇ ਖ਼ਾਨ ਹੁਰਾਂ ਦੀ ਵਾਪਸੀ ਤੋਂ ਪਹਿਲਾਂ ਟਿੱਚਣ ਟੈਟ ਕਰਕੇ ਨਾਸ਼ਤੇ ਦੀ ਮੇਜ਼ ਤੇ ਬਿਠਾ ਦਿੰਦੀ। ਖ਼ਾਨ ਹੁਰੀਂ ਵੀ ਆਉਂ-ਦਿਆਂ ਸਾਰ ਹੀ ਨਹਾ ਧੋ ਕੇ ਮੇਜ਼ ਤੇ ਆ ਜਾਂਦੇ। ਸੰਦਲ ਆਪਣੇ ਹੱਥ ਨਾਲ ਦੋਵਾਂ ਨੂੰ ਨਾਸ਼ਤਾ ਕਰਾਉਂਦੀ। ਖ਼ਾਨ ਹੋਰਾਂ ਨੂੰ ਨਵਾਂ ਇਸਤਰੀ ਕੀਤਾ ਜੋੜਾ ਤੇ ਸੁੱਚੇ ਤਿੱਲੇ ਨਾਲ ਕੱਢਿਆ ਖੁੱਸਾ ਪੇਸ਼ ਕਰਦੀ। ਖ਼ਾਨ ਹੋਰੀਂ ਤਿਆਰ ਹੋ ਕੇ ਪਰ੍ਹਿਆ ਦੇ ਝਾਂਝ-ਝੇੜੇ ਨਿਪਟਾਣ ਲਈ ਡੇਰੇ ਤੇ ਜਾ ਬੈਠਦੇ ਤੇ ਸੰਦਲ ਤੇ ਇਸ਼ਰਤ ਜਹਾਨ ਭਰ ਦੀਆਂ ਗੱਲਾਂ-ਬਾਤਾਂ

ਤੇ ਹਾਸੇ ਖੇਡਾਂ ਕਰਨ ਲਈ ਕੱਲੀਆਂ ਰਹਿ ਜਾਂਦੀਆਂ। ਟੇਪ-ਰੀਕਾਰਡਰ ਤੇ ਵੰਨਸੁਵੰਨਾ ਸੰਗੀਤ ਸੁਣਦੀਆਂ, ਵੀ. ਸੀ. ਆਰ. ਤੇ ਫਿਲਮਾਂ ਵੇਖਦੀਆਂ।

ਜੇ ਇਸ਼ਰਤ ਥੱਕ ਜਾਂਦੀ ਤੇ ਦੂਜੇ ਕਮਰੇ ਵਿਚ ਜਾ ਕੇ ਸੌਂ ਜਾਂਦੀ। ਪਰ ਸੰਦਲ ਨਰਮ-ਨਰਮ ਰੇਸ਼ਮੀ ਗੁਦਗਦੇ ਸੋਫਿਆ ਤੇ ਬੈਠੀ ਫਿਲਮਾਂ ਵੇਖਦੀ ਰਹਿੰਦੀ। ਏਅਰ-ਕੰਡੀਸ਼ਨਰ ਦੀ ਠੰਢੀ ਸੀਤ ਨਿੰਮ੍ਹੀ ਜਹੀ ਹਵਾ ਵਿਚ ਫਿਲਮ ਵੇਖਣ ਦਾ ਮਜ਼ਾ ਹੋਰ ਵੱਧ ਜਾਂਦਾ। ਪਾਕਿਸਤਾਨੀ ਫਿਲਮਾਂ, ਹਿੰਦੁਸਤਾਨੀ ਫਿਲਮਾਂ, ਉਰਦੂ ਫਿਲਮਾਂ, ਪੰਜਾਬੀ ਫਿਲਮਾਂ ਤੇ ਅੰਗਰੇਜ਼ੀ ਫਿਲਮਾਂ ਤੇ ਪਤਾ ਨਹੀਂ ਕਿਹੜੇ-ਕਿਹੜੇ ਦੇਸ਼ ਦੀਆਂ ਵੰਨਸੁਵੰਨੀਆਂ ਸੁਹਣੀਆਂ ਫਿਲਮਾਂ, ਸੰਦਲ ਨੂੰ ਜਾਨਵਰਾਂ ਦੀਆਂ ਫਿਲਮਾਂ ਬਹੁਤ ਭਾਉਂਦੀਆਂ ਸੀ। ਹਰੀਅਲ ਤੋਤੇ, ਬਿਸਕੁਟੀ ਘੁੱਗੀਆਂ, ਘਸਮੈਲੀਆਂ ਚਿੜੀਆਂ, ਚਿੱਟੇ ਕਬੂਤਰ, ਪੈਲਾਂ ਪਾਉਂਦੇ ਮੋਰ, ਚਿਤਕਬਰੇ ਸਹੇ, ਡਰਦੀਆਂ-ਡਰਦੀਆਂ ਵਹਿਸ਼ੀ ਹਰਨੀਆਂ, ਬਦਰੰਗ ਲਗੜ-ਬਗੜ, ਲਹੂ ਭਰੀਆਂ ਅੱਖਾਂ ਵਾਲੇ ਬਘੇਲੇ, ਡੱਬ-ਖੜੱਬੇ ਚੀਤੇ, ਸ਼ੂਕਦੇ ਸੱਪ, ਬਦ-ਸ਼ਕਲੇ ਮਗਰਮੱਛ ਤੇ ਅੰਨ੍ਹੇ-ਬੇਲਿਆਂ ਦੀ ਰੱਖ 'ਚ ਗੱਜਦੇ ਸ਼ੀਂਹ ਸੰਦਲ ਨੂੰ ਬਹੁਤ ਚੰਗੇ ਲੱਗਦੇ ਸੀ। ਜਦ ਵੀ ਜਾਨਵਰਾਂ ਦੀ ਫਿਲਮ ਵੇਖਦੀ, ਉਹਦੇ ਨਾਜ਼ੁਕ ਜਹੇ ਰੇਸ਼ਮ ਸ਼ਰੀਰ 'ਚ ਲਹੂ ਦੀ ਗਰਦਿਸ਼ ਤੇਜ਼ ਹੋ ਜਾਂਦੀ।

ਜਿਸ ਵੇਲੇ ਕਿਸੇ ਖ਼ੂਨਖ਼ਾਰ ਸ਼ਿਕਾਰੀ ਜਾਨਵਰ ਨੂੰ ਸ਼ਿਕਾਰ ਕਰਦਿਆਂ ਵਿਖਾਇਆ ਜਾਂਦਾ; ਕੋਈ ਸ਼ੀਂਹ ਬਘੇਲਾ ਜਾਂ ਚੀਤਾ ਕਿਸੇ ਨੀਲ-ਗਾਂ ਜਾਂ ਹਿਰਨੀ ਨੂੰ ਘਾਤ ਲਾ ਕੇ ਪਿਛਲੇ ਪੰਜਿਆਂ ਤੇ ਜ਼ੋਰ ਨਾਲ ਉੱਛਲਦਾ ਤੇ ਹਵਾ 'ਚ ਤਾਰੀਆਂ ਲਾਉਂਦਾ ਆਪਣੇ ਸ਼ਿਕਾਰ ਦੀ ਧੌਣ 'ਚ ਨੁਕੀਲੇ ਦੰਦ ਗੱਡ ਕੇ ਉਸ ਨੂੰ ਬੇਵੱਸ ਕਰ ਦਿੰਦਾ ਤੇ ਬਦਨਸੀਬ ਮਰੇੜਾ ਜਾਨਵਰ ਤੜਫ਼ਦਾ ਹੱਥ ਪੈਰ ਮਾਰਦਾ; ਪਰ ਉਹਦੀ ਵਾਹ ਨਾ ਜਾਂਦੀ। ਕਦੇ ਆਪਣੇ ਪੂਰੇ ਤਰਾਣ ਲਾ ਕੇ ਦਰਿੰਦੇ ਤੋਂ ਛੁੱਟ ਵੀ ਜਾਂਦਾ। ਪਰ ਫਰਾਰ ਹੋਣ ਦੇ ਸਾਰੇ ਬੂਹੇ ਬੰਦ ਹੁੰਦੇ ਤੇ ਉਹ ਇਕ ਵਾਰ ਫੇਰ ਦਰਿੰਦੇ ਦੇ ਕਾਬੂ ਆ ਜਾਂਦਾ।

ਸੂਹੀ ਰੱਤ ਦੇ ਤੁਪਕਿਆਂ ਦਾ ਫ਼ੁਆਰਾ ਓਹਦੀ ਸ਼ਹਿ-ਰਗ 'ਚੋਂ ਉੱਛਲਦਾ ਤੇ ਉਹ-ਦੀਆਂ ਅੱਖਾਂ 'ਚੋਂ ਹੌਲੀ ਹੌਲੀ ਹਯਾਤੀ ਦੀ ਲੋਅ ਮੁੱਕ ਜਾਂਦੀ ਤੇ ਉਹਦੇ ਨੇੜੇ ਜ਼ਮੀਨ ਤੇ ਰੱਤ ਦੇ ਚਲ੍ਹੇ ਬਣ ਜਾਂਦੇ ਤੇ ਉਹ ਆਖਰੀ ਸਾਹ ਲੈ ਕੇ ਢੇਰ ਹੋ ਜਾਂਦਾ। ਦਰਿੰਦਾ ਉਹਦੇ ਲਹੂ ਨੂੰ ਚੱਟਦਾ ਤੇ ਚੂਨਦਾ ਤੇ ਛੱਬੜ ਛੱਬੜ ਦੀ ਵਾਜ ਬੇਲੇ 'ਚ ਖਿਲਰ ਜਾਂਦੀ। ਏਹੋ ਜਹੇ ਦ੍ਰਿਸ਼ ਵੇਖ ਕੇ ਸੰਦਲ ਨੂੰ ਆਪਣੇ ਸੌ ਵਰ੍ਹਿਆਂ ਦੇ ਬਾਬੇ ਕਰਮ ਅਲੀ ਦੀਆਂ ਗੱਲਾਂ ਯਾਦ ਆ ਜਾਂਦੀਆਂ।

ਬਾਬਾ ਜਦੋਂ ਕਿਤੇ ਤਰੰਗ 'ਚ ਆਉਂਦਾ ਤੇ ਦੱਸਦਾ ਕਿ ਅੱਜ ਤੋਂ ਸੌ ਵਰ੍ਹੇ ਪਹਿਲੋਂ ਦਰਿਆ ਦੇ ਦੋਹਾਂ ਕੰਢਿਆਂ ਤੇ ਪੰਜ ਪੰਜ ਛੇ ਛੇ ਮੀਲ ਦਾ ਬੇਲਾ ਸੱਪਾਂ, ਸ਼ੀਹਾਂ, ਬਘੇਲਿਆਂ ਤੇ ਲਗੜ ਬਗੜਾਂ ਨਾਲ ਭਰਿਆ ਹੋਇਆ ਸੀ ਤੇ ਇਹ ਸ਼ਿਕਾਰੀ ਜਾਨਵਰ ਦਿਨੇ ਰਾਤੀਂ ਸਹਿਆਂ, ਹਰਨੀਆਂ ਤੇ ਗਿੱਦੜਾਂ ਦਾ ਸ਼ਿਕਾਰ ਖੇਡਦੇ ਤੇ ਅਨੰਦਤ ਹੋ ਕੇ ਬੇਲਿਆਂ 'ਚ ਕੂਕਦੇ ਰਹਿੰਦੇ। ਪਰ ਫੇਰ ਰੇਤਾ ਨੇ ਵਧਦਿਆਂ ਵਧਦਿਆਂ ਦਰਿਆ ਦੀ ਕੰਧੀ ਨੂੰ ਜਾ



ਚੁੰਮਿਆ ਤੇ ਏਸ ਤਰਾਂ ਬੇਲੇ ਤੇ ਬੇਲੇ ਦੇ ਖ਼ੂਨਖਾਰ ਜਾਨਵਰ ਆਪੇ ਹੀ ਮੁੱਕ ਗਏ। ਇਕ ਨਵਾਂ ਦੌਰ ਆ ਗਿਆ, ਤਰੱਕੀ ਦਾ ਦੌਰ। ਅਮਨ ਅਮਾਨ ਦਾ ਦੌਰ 'ਤੇ ਨਾ ਬੇਲੇ ਰਹੇ, ਨਾ ਬਘੇਲੇ।

ਸੰਦਲ ਕੋਈ ਬਹੁਤ ਪੜ੍ਹੀ ਲਿਖੀ ਤਾਂ ਨਹੀਂ ਸੀ। ਪਿੰਡ ਦੇ ਮਿਡਲ ਸਕੂਲ 'ਚੋਂ ਇਸ ਨੇ ਅੱਠ ਜਮਾਤਾਂ ਪਾਸ ਕੀਤੀਆਂ ਸਨ, ਪਰ ਉਹਦੀ ਸੋਚ ਬੜੀ ਡੂੰਘੀ ਸੀ। ਉਹ ਅਕਸਰ ਸੋਚਦੀ; ਬੱਕੀ ਤੇ ਸਵਾਰ ਹੋ ਕੇ ਪਤਾ ਨਹੀਂ ਕਿਹੜੇ ਕਿਹੜੇ ਜਹਾਨਾਂ ਦੀ ਸੈਰ ਕਰਦੀ। ਉਹ ਸੋਚਦੀ; ਹੁਣ ਤਾਲੀਮ ਆਮ ਹੋ ਗਈ ਏ ਤੇ ਵਾਹੀ-ਜੋਤੀ ਦੀ ਤਰੱਕੀ ਨਾਲ ਘਰ ਘਰ ਖ਼ੁਸ਼ੀਆਂ ਡੇਰੇ ਲਾ ਲਏ ਨੇ। ਪੂਰੀ ਤਰਾਂ ਇਨਸਾਫ ਤੇ ਨਿਆਂ ਦੀ ਜੰਨਤ ਬਣ ਗਈ ਏ। ਉਹ ਸੋਚਦੀ; ਇਹ ਦੁਨੀਆਂ ਖ਼ਾਨ ਜ਼ਮੀਰ ਦੀ ਦੁਨੀਆਂ ਏ, ਜਿਹੜਾ ਪੂਰੇ ਪਿੰਡ ਦਾ ਮਾਲਕ ਹੋਵਣ ਦੇ ਬਾਵਜੂਦ ਸੁਭਾਅ ਦਾ ਬਹੁਤ ਈ ਚੰਗਾ, ਰਹਿਮ-ਦਿਲ ਤੇ ਮਿਹਰਬਾਨ ਏ। ਐਚੀਸਨ ਕਾਲਜ ਦਾ ਗਰੈਜੂਏਟ ਹੋਵਣ ਦੇ ਬਾਵਜੂਦ ਝੂਠੀ ਅਣਖ ਤੇ ਘਮੰਡ ਤੋਂ ਆਜ਼ਾਦ ਏ। ਉਹ ਸੋਚਦੀ; ਇਹ ਇਸ਼ਰਤ ਦੀ ਦੁਨੀਆਂ ਏ, ਜਿਹੜੀ ਖ਼ਾਨ ਜ਼ਮੀਰ ਦੇ ਵੱਡੇ ਜ਼ਿਮੀਦਾਰ ਦੀ ਜ਼ਨਾਨੀ ਹੋਵਣ ਦੇ ਬਾਵਜੂਦ ਸੰਦਲ ਜਹੀ ਮੁਜ਼ਾਰਿਆਂ ਦੀ ਧੀ ਨਾਲ ਪਿਆਰ ਕਰਦੀ ਏ। ਉਹ ਸੋਚਦੀ; ਇਹ ਸੰਦਲ ਦੀ ਦੁਨੀਆਂ ਏ, ਜਿਹੜੀ ਬਗ਼ੈਰ ਕਿਸੇ ਲਾਲਚ ਤੋਂ ਪੂਰੇ ਖ਼ਲੂਸ ਨਾਲ ਉਹਨਾਂ ਦੀ ਖਿਦਮਤ ਵਿਚ ਲੱਗੀ ਰਹਿੰਦੀ ਏ। ਉਹ ਸੋਚਦੀ; ਬਹੁਤ ਕੁੱਝ ਸੋਚਦੀ ਤੇ ਆਪਣੇ ਨਸੀਬ ਤੇ ਫੁੱਲ ਫੁੱਲ ਬਹਿੰਦੀ।

ਸੰਦਲ ਸਾਰਾ ਦਿਨ ਪਰ੍ਹਛਾਵੇਂ ਵਾਂਗੂ ਇਸ਼ਰਤ ਤੇ ਖਾਨ ਹੋਰਾਂ ਦੇ ਅੱਗੇ ਪਿਛੇ ਫਿਰਕੀ ਵਾਂਗੂ ਘੁੰਮਦੀ। ਦੋਵੇਂ ਮੀਆਂ ਬੀਵੀ ਤਿੰਨਾਂ ਵੇਲਿਆਂ ਦਾ ਖਾਣਾ ਇਕੱਠੇ ਖਾਂਦੇ। ਖਾਣਾ ਪਕਾਣ ਤੇ ਉਪਰਲਿਆਂ ਕੰਮਾਂ ਲਈ ਅੱਠ ਦੱਸ ਨੌਕਰ ਹੋਰ ਵੀ ਰੱਖੇ ਹੋਏ ਸਨ, ਪਰ ਇਹਨਾਂ ਚੋਂ ਕੋਈ ਵੀ ਖਾਨ ਹੋਰਾਂ ਦੇ ਕਮਰਿਆਂ ਵਿਚ ਨਹੀਂ ਆ ਸਕਦਾ ਸੀ। ਅੰਦਰਲਾ ਸਾਰਾ ਕੰਮ ਸੰਦਲ ਦੇ ਸਿਰ ਤੇ ਸੀ। ਸਾਰੇ ਕੰਮਾਂ ਕਾਰਾਂ ਤੋਂ ਵਿਹਲੀ ਹੋ ਕੇ ਇਸ਼ਰਤ ਨਾਲ ਗੱਪ ਸ਼ੱਪ ਮਾਰਨੀ ਵੀ ਸੰਦਲ ਦੀ ਡੀਊਟੀ 'ਚ ਸ਼ਾਮਿਲ ਸੀ ਤੇ ਏਸ ਖਿਦਮਤ ਦੇ ਬਦਲੇ 'ਚ ਇਸ਼ਰਤ ਨੇ ਸੰਦਲ ਨੂੰ ਉਹਦੇ ਮਾਪਿਆਂ ਨੂੰ ਮਾਲੋ ਮਾਲ ਕਰ ਛੱਡਿਆ ਸੀ। ਵਧੀਆ ਤੋਂ ਵਧੀਆ ਕੱਪੜਾ ਲੱਤਾ, ਨਵੇਂ ਫ਼ੈਸ਼ਨ ਦੀਆਂ ਜੁੱਤੀਆਂ, ਸੁਰਖੀ, ਕਰੀਮ, ਪਾਊਡਰ ਤੇ ਸ਼ੈਂਪੂ ਸੰਦਲ ਜੋ ਚਾਹੁੰਦੀ ਇਸ਼ਰਤ ਬੀਬੀ ਤੋਂ ਲੈਂਦੀ। ਖੁੱਲ੍ਹੀ ਡੁੱਲ੍ਹੀ ਰਹਿਤਲ ਬਹਿਤਲ ਤੇ ਚੰਗਾ ਚੋਖਾ ਖਾਣ ਪੀਣ ਨੇ ਮੁਜ਼ਾਰੇ ਦੀ ਧੀ ਤੇ ਜਵਾਨੀ ਦੇ ਹੋਰ ਰੰਗ ਹੀ ਫੇਰ ਦਿੱਤੇ ਸਨ। ਉਹਦੇ ਕੱਦ ਕਾਠ 'ਚ ਥੋਹੜਾ ਜਿਹਾ ਹੋਰ ਵਾਧਾ ਹੋ ਗਿਆ ਸੀ ਤੇ ਸੰਦਲ ਦੇ ਬੂਟੇ ਤੋਂ ਵਧਕੇ ਸਰੋਂਹ ਦਾ ਬੂਟਾ ਬਣ ਗਈ ਸੀ, ਉਹਦਾ ਪੱਕਾ ਸੰਦਲੀ ਰੰਗ ਖਿੜਿਆ ਤੇ ਚੰਬੇ ਦੀਆਂ ਕਲੀਆਂ ਵਾਂਗ ਚਿੱਟਾ ਦੁੱਧ ਹੋ ਗਿਆ। ਇਹਨਾਂ ਅੱਠਾਂ ਮਹੀਨਿਆਂ 'ਚ ਇਸ਼ਰਤ ਤਿੰਨ ਚਾਰ ਵਾਰੀ ਮਾਪਿਆਂ ਦੇ ਪਿੰਡ ਗਈ। ਇਸ਼ਰਤ ਬੀਬੀ ਦੀ ਗ਼ੈਰ-ਹਾਜ਼ਰੀ 'ਚ ਵੀ ਸੰਦਲ ਦੇ ਕੰਮ ਕਾਰ 'ਚ ਕੋਈ ਫ਼ਰਕ ਨਾ ਆਇਆ। ਪੜ੍ਹੇ ਲਿਖੇ ਖ਼ਾਨ ਹੋਰੀਂ ਨਿਹਾਇਤ ਸਲੀਕੇ ਨਾਲ ਉਹਦੇ ਨਾਲ ਪੇਸ਼ ਆਉਂਦੇ ਤੇ ਸੰਦਲ ਤੇ ਆਪਣੀਆਂ ਮਿਹਰਬਾਨੀਆਂ ਦੀ

ਫੁਹਾਰ ਵਰਸਾਉਂਦੇ ਰਹਿੰਦੇ। ਸ਼ੁਰੂ ਸ਼ੁਰੂ 'ਚ ਸੰਦਲ ਦੇ ਮਾਮੀ ਦੇ ਪੁੱਤ ਨੇ ਪੰਜ ਸੱਤ ਵਾਰੀ ਤਾਹਨਿਆਂ ਤਨੋਂੜਿਆਂ ਨਾਲ ਸੰਦਲ ਦੇ ਦਿੱਲ 'ਚ ਸੁੱਤੇ ਜਜ਼ਬੇ ਜਗਾਉਣ ਦੀ ਕੋਸ਼ਿਸ਼ ਕੀਤੀ ਪਰ ਸੰਦਲ ਤਾਂ ਉੱਚੀਆਂ ਹਵਾਵਾਂ 'ਚ ਉੱਡ ਰਹੀ ਸੀ, ਉਹਨੇ ਆਪਣੇ ਮਸੇਰ ਦੀ ਕਿਸੇ ਗੱਲ ਤੇ ਕੰਨ ਈ ਨਾ ਧਰਿਆ ਅਖ਼ੀਰ ਉਹ ਆਪੂੰ ਆਪ ਈ ਦੜ ਵੱਟ ਗਿਆ।

ਸਾਵਣ ਦਾ ਮਹੀਨਾ ਚੜ੍ਹਿਆ ਤੇ ਘਟਾਵਾਂ ਛੰਮ ਛੰਮ ਵੱਸਣ ਲੱਗ ਪਈਆਂ। ਖਾਨ ਹੋਰੀਂ ਬਹੁਤ ਖ਼ੁਸ਼ ਸਨ। ਖ਼ੁਸ਼ ਕਿਉਂ ਨਾ ਹੁੰਦੇ। ਰੱਬ ਸਾਈਂ ਨੇ ਚਤਾਲੀਆਂ ਵਰ੍ਹਿਆਂ ਬਾਅਦ ਉਹਦੀ ਆਸ-ਉਮੀਦ ਦੇ ਬੂਟੇ ਨੂੰ ਫਲ ਲਾਇਆ ਸੀ। ਇਸ਼ਰਤ ਛਿਲੇ ਲਈ ਮਾਪਿਆਂ ਦੇ ਪਿੰਡ ਟੁਰ ਗਈ। ਪੂਰੇ ਦੋ ਮਹੀਨਿਆਂ ਲਈ। ਤੇ ਸੰਦਲ ਨੂੰ ਖ਼ਾਨ ਹੋਰਾਂ ਦੀ ਖ਼ਿਦਮਤ ਤਵਾਜ਼ਿਆ ਦੀ ਤਾਕੀਦ ਕਰ ਗਈ।

ਇਸ਼ਰਤ ਆਪ ਤਾਂ ਚਲੀ ਗਈ, ਪਰ ਹਵੇਲੀ 'ਚ ਇਕ ਉਦਾਸੀ ਜਿਹੀ ਛੱਡ ਗਈ। ਖ਼ਾਨ ਹੋਰੀਂ ਚੁੱਪਚਾਪ ਅੰਦਰ ਆਉਂਦੇ ਤੇ ਖਾਣਾ ਖਾ ਕੇ ਦੋ ਚਾਰ ਘੜੀਆਂ ਆਰਾਮ ਕਰਦੇ ਤੇ ਕੋਈ ਹਲਕੀ ਫੁਲਕੀ ਜੇਹੀ ਗੱਲ ਸੰਦਲ ਨਾਲ ਕਰਦੇ ਤੇ ਫੇਰ ਬਾਹਰ ਡੇਰੇ 'ਚ ਜਾ ਬਹਿੰਦੇ।

ਅੱਜ ਤੇ ਸਾਵਣ ਦੀ ਬਰਖਾ ਦੇ ਤੌਰ ਈ ਅਜੀਬ ਸਨ। ਸ਼ਾਮੀਂ ਕਾਲੀ ਘਟਾ ਚੜ੍ਹੀ ਤੇ ਚਹੁੰ ਕੂਟੀਂ ਕਾਲੇ ਬੱਦਲਾਂ ਦੇ ਤੰਬੂ ਜਹੇ ਤਣ ਗਏ। ਮੀਂਹ ਵਰਨ ਲੱਗਾ ਤੇ ਵਰ੍ਹਦਾ ਹੀ ਚਲਾ ਗਿਆ। ਸ਼ਾਮਾਂ ਪੈ ਗਈਆਂ। ਰਾਤ ਦੇ ਖਾਣੇ ਤੋਂ ਬਾਅਦ ਸੰਦਲ ਨੇ ਖ਼ਾਨ ਹੋਰਾਂ ਤੋਂ ਘਰ ਜਾਣ ਦੀ ਇਜਾਜ਼ਤ ਮੰਗੀ ਤੇ ਖ਼ਾਨ ਹੋਰੀਂ ਹੱਸ ਕੇ ਬੋਲੇ;

"ਸੰਦਲ, ਅਜੇ ਤੇ ਮੀਂਹ ਵੱਸਦਾ ਏ। ਮੀਂਹ ਰੁੱਕ ਲੈਣ ਦੇ, ਫੇਰ ਚਲੀ ਜਾਈਂ। ਤੇ ਜਾਣਾ ਵੀ ਕਿਹੜਾ ਜ਼ਰੂਰੀ ਏ।"

"ਨਹੀਂ ਖ਼ਾਨ ਜੀ—ਮੇਰਾ ਜਾਣਾ ਜ਼ਰੂਰੀ ਏ। ਮੈਂ ਨਾ ਗਈ ਤੇ ਮੇਰੇ ਮਾਂ ਪਿਓ ਪ੍ਰੇਸ਼ਾਨ ਹੋਣਗੇ।" ਸੰਦਲ ਨੇ ਅਦਬ ਨਾਲ ਜਵਾਬ ਦਿੱਤਾ।

"ਝੱਲੀ ਨਾ ਹੋਵੇ ਤਾਂ—" ਖ਼ਾਨ ਹੋਰੀਂ ਫੇਰ ਹੱਸ ਕੇ ਬੋਲੇ। "ਤੇਰੇ ਪਿਓ ਬਹਾਵਲ ਨੂੰ ਪਤਾ ਨਹੀਂ ਕਿ ਤੂੰ ਏਥੇ ਏਂ, ਖ਼ਾਨ ਜ਼ਮੀਰ ਦੇ ਘਰ ਤੇ ਫੇਰ ਫ਼ਿਕਰ ਕਿਸ ਗੱਲ ਦਾ ?"

"ਪਰ ਫੇਰ ਵੀ ਖ਼ਾਨ ਜੀ"...ਸੰਦਲ ਦੀ ਮਸਕੀਨ ਜੇਹੀ ਆਵਾਜ਼ ਦੇ ਨਾਲ ਈ ਬੱਦਲ ਏਡੇ ਕੁ ਜ਼ੋਰ ਨਾਲ ਗੱਜਿਆ ਕਿ ਸੰਦਲ ਸਹਿਮ ਜੇਹੀ ਗਈ ਤੇ ਉਹਦਾ ਫਿਕਰਾ ਅਧੂਰਾ ਈ ਰਹਿ ਗਿਆ।

"ਓ...ਖ਼ੈਰ ਏ ਸੰਦਲ ਖ਼ੈਰ ਏ...ਇਕ ਰਾਤ ਈ ਹੈ ਨਾ। ਏਥੇ ਕੋਈ ਬਿਸਤਰਿਆਂ ਦੀ ਕਮੀ ਏ। ਇਹ ਮੇਰਾ ਬੈੱਡ ਈ ਵੇਖ ਕਿੰਨਾ ਲੰਮਾ ਚੌੜਾ ਏ।" ਸੰਦਲ ਨੇ ਐਚੀਸਨ ਕਾਲਜ ਦੇ ਪੜ੍ਹੇ ਹੋਏ ਨਿੱਘੇ ਨਰਮ ਤੇ ਰਹਿਮ ਦਿਲ ਖ਼ਾਨ ਜ਼ਮੀਰ ਦੀਆਂ ਅੱਖਾਂ 'ਚ ਇਕ ਅਲੋਕਾਰ ਜੇਹੀ ਚਮਕ ਵੇਖੀ ਤੇ ਫ਼ੌਰਨ ਬੂਹੇ ਵੱਲ ਵਧੀ।



"ਖ਼ਾਨ ਜੀ ਮੈਂ ਚੱਲੀ ਆਂ" ਪਰ ਬੂਹਾ ਤੇ ਕਿਸੇ ਨੇ ਬਾਹਰੋਂ ਈ ਬੰਦ ਕਰ ਛੱਡਿਆ ਸੀ। ਸੰਦਲ ਦੌੜ ਕੇ ਦੂਜੇ ਬੂਹੇ ਵੱਲ ਗਈ। ਇਹ ਵੀ ਬਾਹਰੋਂ ਬੰਦ ਸੀ, ਸੰਦਲ ਦੀ ਖ਼ੌਫ਼ ਤੇ ਦਰਦ ਭਰੀ ਚੀਕ ਮੋਈਆਂ ਕੰਧਾਂ ਵਿਚ ਦੱਬ ਕੇ ਰਹਿ ਗਈ। ਖ਼ਾਨ ਹੋਰੀਂ ਆਪਣੇ ਬੈੱਡ ਤੇ ਰੇਸ਼ਮੀ ਕੰਬਲ 'ਚ ਨਿੰਮਾ ਨਿੰਮਾ ਹੱਸ ਰਹੇ ਸਨ। ਪਤਾ ਨਹੀਂ ਕਿਸ ਨੇ ਕਿਹੜੇ ਵੇਲੇ ਵੀ. ਸੀ. ਆਰ, ਆਨ ਕਰ ਦਿੱਤਾ ਤੇ ਜਾਨਵਰਾਂ ਵਾਲੀ ਅੰਗਰੇਜ਼ੀ ਫਿਲਮ ਚੱਲ ਪਈ। ਇਕ ਬਘੇਲੇ ਨੇ ਘਾਤ ਲਾ ਕੇ ਆਪਣੇ ਪਿਛਲੇ ਪੰਜਿਆਂ ਤੇ ਐਡੀ ਜ਼ੋਰ ਨਾਲ ਛਾਲ ਮਾਰੀ ਕਿ ਹਵਾ 'ਚ ਤਾਰੀਆਂ ਲਾਉਂਦਾ ਬੇਬਸ ਹਰਨੀ ਦੇ ਉੱਪਰ ਜਾ ਡਿੱਗਾ।

ਉਸ ਡਿਗਦਿਆਂ ਸਾਰ ਈ ਆਪਣੇ ਤੇਜ਼ ਖ਼ੂਨਖਾਰ ਦੰਦ ਉਹਦੀ ਸ਼ਾਹਰਗ 'ਚ ਗੱਡ ਦਿੱਤੇ। ਮਰੇੜੀ ਹਰਨੀ ਤੜਫਦੀ ਤੇ ਹੱਥ ਪੈਰ ਮਾਰਦੀ ਰਹੀ ਪਰ ਉਹਦੀ ਵਾਹ ਨਾ ਗਈ। ਉਸ ਨੇ ਇਕ ਵਾਰੀ ਪੂਰਾ ਤਰਾਣ ਲਾ ਕੇ ਆਪਣੇ ਆਪ ਨੂੰ ਦਰਿੰਦੇ ਤੋਂ ਛੁਡਾਇਆ ਵੀ ਪਰ ਫਰਾਰ ਹੋਣ ਦੇ ਸਾਰੇ ਰਾਹ ਬੰਦ ਸੀ ਤੇ ਦਰਿੰਦੇ ਨੇ ਵਧ ਕੇ ਉਸ ਨੂੰ ਫੇਰ ਕਾਬੂ ਕਰ ਲਿਆ। ਸੂਹੀ ਰੱਤ ਦਾ ਫੁਆਰਾ ਉਹਦੀ ਸ਼ਾਹਰਗ 'ਚੋਂ ਉਛਲਿਆ ਤੇ ਉਹਦੀਆਂ ਖੁੱਲ੍ਹੀਆਂ ਅੱਖਾਂ 'ਚੋਂ ਹਯਾਤੀ ਦੀ ਲੋਅ ਮੁੱਕ ਗਈ।

ਬਾਬਾ ਕਰਮ ਅਲੀ ਝੂਠ ਬੋਲਦਾ ਸੀ। ਬੇਲੇ 'ਚ ਬਘੇਲੇ ਤਾਂ ਅੱਜ ਵੀ ਹੈ ਸਨ !

(ਮਾਂ ਬੋਲੀ-ਲਾਹੌਰ, ਅਪਰੈਲ 94 ਅੰਕ ਚੋਂ)

★

## ਗ਼ਜ਼ਲ/ਮਹਿਮਾ ਸਿੰਘ

ਮੱਥੇ 'ਤੇ ਇਕ ਦਗਦਾ ਸੁਰਖ਼ ਖ਼ਿਆਲ ਰਹੇ,
ਸੋਚ ਮਿਰੀ ਦਾ ਚਿਹਰਾ ਲਾਲੋ-ਲਾਲ ਰਹੇ।

ਵੱਡੇ ਵੱਡੇ ਬਿਰਖ਼ ਜੜ੍ਹਾਂ ਤੋਂ ਉਖੜਨਗੇ,
ਕੁਝ ਪਲ ਜੇ ਤੂਫ਼ਾਨ ਦੀ ਏਹੋ ਚਾਲ ਰਹੇ।

ਅਸਰ ਹੋਏਗਾ ਕੁਝ ਤਾਂ ਮੋਏ ਸੁਪਨੇ ਦਾ,
ਕਾਤਿਲ ਦੇ ਸਿਰ 'ਤੇ ਅਕਸਰ ਕਾਲ ਰਹੇ।

ਪਤਾ ਨਹੀਂ ਕੀ ਕਹਿਰ ਕਰਨਗੇ ਹਾਲੇ ਉਹ,
ਇਕ ਦੋ ਸਾਲ ਜੇ ਉਸ ਦੇ ਕਾਲੇ ਵਾਲ ਰਹੇ।

ਮੇਰੇ ਅੰਬਰ 'ਤੇ ਮੰਨਿਆ ਕਿ ਨੇਰ੍ਹਾ ਹੈ,
ਚਾਨਣ ਦੀ ਛਿੱਟ ਇਕ ਪਰ ਮੇਰੇ ਨਾਲ ਰਹੇ।

ਹਲਵਾਰਾ (ਲੁਧਿਆਣਾ)

—o—

## ਦਿਨ ਫੇਰ ਵੀ ਆਉਣਗੇ/ਅਮਰਜੀਤ ਕੌਂਕੇ

ਜਿੰਨੇ ਖ਼ੁਸ਼ ਸੀ ਕੱਲ੍ਹ ਅਸੀਂ
ਉਸ ਤੋਂ ਹਜ਼ਾਰ ਦਰਜੇ ਵੱਧ
ਉਦਾਸ ਹਾਂ ਅੱਜ

ਕੱਲ੍ਹ ਵੀ
ਅਸੀਂ ਪੰਛੀਆਂ ਵਾਂਗੂ ਚਹਿਕਦੇ
ਹਿਰਨਾਂ ਵਾਂਗੂ ਚੁੰਗੀਆਂ ਭਰਦੇ
ਸੂਰਜ ਧਰਤੀ ਅਤੇ ਅੰਬਰ ਦੇ ਸਾਹਵੇਂ
ਆਪਣੀ ਮੁਹੱਬਤ ਨਸ਼ਰ ਕਰਦੇ
ਕਿੰਨੇ ਬੇਖ਼ਬਰ ਸੀ ਅਸੀਂ
ਇਕ ਦੂਜੇ ਨੂੰ ਸਮਰਪਤ

ਅੱਜ ਕਿੰਨੇ ਉਦਾਸ ਹਾਂ ਪਰ
ਕੱਲ੍ਹ ਸੁਪਨਾ ਬਣ ਕੇ
ਅਤੀਤ ਦੇ ਅਨੰਤ ਖਿਲਾਅ 'ਚ ਗੁਆਚਾ
ਤੜਪ ਬਣ ਕੇ ਬੈਠ ਗਿਆ
ਦਿਲ ਦੇ ਕੋਨੇ
ਹੱਥਾਂ 'ਚ ਤੇਰੀਆਂ ਸ਼ੋਖ ਗੱਲਾਂ ਦੀ
ਰਾਖ਼ ਬਾਕੀ
ਆਪਣੇ ਤੋਂ ਵੀ ਆਪਣੇ ਅੱਥਰੂ
ਛੁਪਾ ਰਹੇ ਹਾਂ ਅਸੀਂ

ਪਰ
ਆਉਣਗੇ ਦਿਨ ਫੇਰ ਵੀ
ਸੂਰਜ ਧਰਤੀ ਅਤੇ ਅੰਬਰ
ਫੇਰ ਉਡੀਕਣਗੇ
ਸਾਡੇ ਮਿਲਣ ਦੇ ਲਈ
ਉਹ ਉਡੀਕਣਗੇ
ਕਿ ਅਸੀਂ ਫਿਰ ਮਿਲੀਏ ਉਵੇਂ
ਪੰਛੀਆਂ ਵਾਂਗੂ ਚਹਿਕਦੇ
ਹਿਰਨਾਂ ਵਾਂਗੂ ਚੁੰਗੀਆਂ ਭਰਦੇ



ਦੀਵਾਰਾਂ ਨੂੰ ਢਹਿ ਢੇਰੀ ਕਰਦੇ
ਹੱਸਦੇ ਉਵੇਂ
ਇਕ ਦੂਜੇ ਨੂੰ ਸਮਰਪਤ

ਆਪਣੇ ਉਦਾਸ ਦਿਨਾਂ ਦਾ
ਬਦਲਾ ਲੈਂਦੇ

ਦਿਨ ਚੜ੍ਹਨਗੇ ਫੇਰ ਵੀ......

10957, St. No. 6, Partap Nagar, Ludhiana-141003 (Pb.)

## ਬੇਨਾਮ ਕਵਿਤਾ/ਮਦਨ ਵੀਰਾ

ਰੇਡੀਓ ਦੇ ਤਬਸਰੇ ਤੋਂ ਨਾ ਪੁੱਛ
ਜੇ ਪੁੱਛਣਾ ਹੈ
ਤਾਂ ਭੜੋਲੀ ਦੇ ਸੱਖਣੇ ਦਪੂਨੇ ਤੋਂ ਪੁੱਛ
ਚਿੱਟੇ ਇਨਕਲਾਬ ਬਾਰੇ
ਜਾਂ ਫਿਰ ਉਸ ਸੁਆਣੀ ਤੋਂ ਪੁੱਛ
ਜੋ ਦੁੱਧ ਪਾ ਕੇ
ਦੋਝੀ ਦੇ ਢੋਲ ਵੱਲ ਨਜ਼ਰ ਨਹੀਂ ਕਰਦੀ
ਤੇ ਸੋਨੇ ਵਰਗੇ ਪੁੱਤ ਨੂੰ
ਚਾਹ ਨਾਲ ਵਰਾਉਂਦੀ ਹੈ.........

'ਲਹਿਰਾ ਬਹਿਰਾਂ' ਦੀਆਂ ਖ਼ਬਰ ਦੇ ਓਹਲੇ 'ਚ
ਤੇਨੂੰ ਗਿਰਵੀ ਪਏ ਖੇਤ ਨਹੀਂ ਦਿਸਦੇ
ਤੂੰ ਨਹੀਂ ਜਾਣਦਾ
ਕਰਜ਼ੇ ਦੀ ਵਸੂਲੀ ਲਈ ਆਈ ਜੀਪ ਬਾਰੇ
ਜਿਹਦੀ ਆਵਾਜ਼ ਨਾਲ
ਲੋਕਾਂ ਦੇ ਚਿਹਰੇ ਸੂਤੇ ਜਾਂਦੇ ਹਨ
ਤੇ ਫਿਰ ਅੱਧਾ ਪਿੰਡ ਚਰ੍ਹੀਆਂ ਕਮਾਦਾਂ ਦੀ
ਪਨਾਹ ਲੈਂਦਾ ਹੈ............

ਇਹ ਤੇਰੇ ਹਰੇ ਇਨਕਲਾਬ ਦੇ
ਅੰਕੜਿਆਂ ਨੂੰ ਠਿੱਠ ਕਰਦੀ ਏ
ਪਰਾਈਆਂ ਮਿੱਟੀਆਂ 'ਚ ਮਿੱਟੀ ਹੁੰਦੇ ਪਰਵਾਸੀਆਂ ਦੀ
ਦਿਨੋ ਦਿਨ ਲੰਮੀ ਹੁੰਦੀ ਕਤਾਰ

ਤੇ ਤਰੱਕੀ ਦੇ ਰਾਹ ਵਾਲੀਆਂ
ਤੇਰੀਆ ਬੁਸੀਆਂ ਖ਼ਬਰਾਂ ਦਾ ਭਾਂਡਾ
ਚੁਰਾਹੇ 'ਚ ਭੰਨਦਾ ਹੈ

ਸੜਕਾਂ ਤੇ ਨਿਕਲਦਾ ਹਜੂਮ
ਕਦੇ ਮੁਲਾਕਾਤ ਹੋਈ ਤਾਂ ਦੱਸਾਂਗੇ
ਕਿਵੇਂ ਧਰਮ ਨਿਰਪੇਖਤਾ ਦੇ
ਮੂੰਹ ਤੇ ਥੁੱਕਦਾ ਹੈ

ਸ਼ਹਿਰ ਦਰ ਸ਼ਹਿਰ ਹੁੰਦੇ ਦੰਗਿਆਂ ਦਾ ਵੇਰਵਾ
ਕਿੰਜ ਅਮਲ ਅਤੇ ਸੁਰੱਖਿਆ ਦੀ ਆੜ 'ਚ
ਲਿਤਾੜਿਆ ਜਾਂਦਾ ਹੈ—ਆਮ ਆਦਮੀ
ਕਿੰਜ ਧਰਮ ਅਤੇ ਸਿਆਸਤ ਦੀ
ਬਲੀ ਚੜ੍ਹਦੇ ਨੇ
ਦੁੱਧ ਅਤੇ ਪੁੱਤ............

Jit Ram Apartment, 50-Katwari Sarai New Delhi-16

## ਗ਼ਜ਼ਲ/ਸੁਸ਼ੀਲ ਦੁਸਾਂਝ

ਇਹ ਸਹਿਰਾ ਡੋਬ ਨਾ ਦੇਵੇ ਐ ਜ਼ਿੰਦਗੀ ਇਕ ਨਦੀ ਦੇ ਦੇ,
ਵਿਖਾ ਕਿਧਰੇ ਜ਼ਰਾ ਬਦਲੀ ਕੋਈ ਤਾਂ ਜਲਪਰੀ ਦੇ ਦੇ।
ਚਿਰਾਂ ਤੋਂ ਰੌਸ਼ਨੀ ਨੇਰ੍ਹਾ ਸਮਾਨਅੰਤਰ ਤੁਰੀ ਆਂਉਂਦੇ,
ਇਹ ਨੇਰ੍ਹਾ ਦੂਰ ਹੋ ਜਾਵੇ ਤੂੰ ਐਸੀ ਰੌਸ਼ਨੀ ਦੇ ਦੇ।
ਇਹ ਟੁੱਟੇ ਤਾਰਿਆਂ ਵਾਂਗਰ ਖਲਾਅ ਵਿਚ ਭਟਕਦੇ ਜਿਹੜੇ,
ਇਨ੍ਹਾਂ ਸੁਪਨਿਆਂ ਨੂੰ ਸੱਚ ਦੀ ਕੋਈ ਹੱਥਕੜੀ ਦੇ ਦੇ।
ਵਫ਼ਾ ਦੇ ਸੁਰ ਤੇ ਜਿਨ੍ਹਾਂ ਨੇ ਜਫ਼ਾ ਦੇ ਗੀਤ ਹੀ ਗਾਏ,
ਉਨ੍ਹਾਂ ਦੀ ਦੋਸਤੀ ਲੈਜਾ ਤੇ ਸਿੱਧੀ ਦੁਸ਼ਮਣੀ ਦੇ ਦੇ।
ਅਗਰ ਬਾਲਾਂ ਦੇ ਬੁੱਲ੍ਹਾਂ ਤੇ ਮੋਹ ਦੀ ਮੁਸਕਾਨ ਤੱਕਣੀ ਏਂ,
ਪਟਾਕੇ ਦੂਰ ਹੀ ਰੱਖੀਂ ਇਹਨਾਂ ਨੂੰ ਫੁਲਝੜੀ ਦੇ ਦੇ।
ਇਨ੍ਹਾਂ ਜ਼ਖ਼ਮੀ ਪਰਿੰਦਿਆਂ ਨੂੰ ਘਰਾਂ ਦੇ ਸਫ਼ਰ ਤੇ ਪਾ ਦੇ,
ਘਰੀਂ ਬੈਠੇ ਉਦਾਸੇ ਚਿਹਰਿਆਂ ਨੂੰ ਜ਼ਿੰਦਗੀ ਦੇ ਦੇ।
ਇਹ ਕਾਲੀ ਰਾਤ ਦਾ ਪੱਥਰ ਨਾ ਪੈਰੀਂ 'ਸ਼ੀਲ' ਦੇ ਬੰਨ੍ਹੀ,
ਜਦੋਂ ਤੱਕ ਚੰਨ ਨਹੀਂ ਚੜ੍ਹਦਾ, ਇਹਨੂੰ ਦੀਪਾਵਲੀ ਦੇ ਦੇ।

—o—





## ਮਾਤਮ ਖਾਨਾ (ਨਾਵਲ)

ਸਾਹ ਚਮਨ

'ਮਾਤਮ ਖਾਨਾ' ਸ਼ਾਹ ਚਮਨ ਦਾ ਤੀਜਾ ਨਾਵਲ ਹੈ। ਇਸ ਤੋਂ ਪਹਿਲੇ ਦੋ ਨਾਵਲ 'ਹਨੇਰੇ ਵਿਚ ਘਿਰਿਆ ਮਨੁੱਖ', ਤੇ ਜ਼ਖ਼ਮੀਂ ਗੁਲਾਬ, ਚੰਗਾ ਚਰਚਾ ਦਾ ਵਿਸ਼ਾ ਬਣੇ ਸਨ। "ਜ਼ਖਮੀਂ ਗੁਲਾਬ" ਵਿਚ 'ਸ਼ਾਹ' ਨੇ ਅਤਿਵਾਦ ਦੇ ਸਿਖਰ ਸਮੇਂ ਅਤਿਵਾਦ ਦਾ ਕਾਲਾ ਚਿਹਰਾ ਨੰਗਾ ਕੀਤਾ ਸੀ।

ਹਥਲਾ ਨਾਵਲ ਹਕੀਕਤ ਵਿਚ ਇਕ ਨਾਵਲਿਟ ਹੈ। ਜਿਸ ਵਿਚ ਲੇਖਕ ਦੋ ਰਾਤਾਂ ਅੰਦਰ ਪਿਛਲ ਝਾਤ ਰਾਹੀਂ ਨਾਇਕ ਦੇ ਦੁਖਾਂਤਕ ਜੀਵਨ ਬਾਰੇ ਦੱਸਦਾ ਹੈ। ਨਾਵਲ ਦੁਖਾਂਤ ਹੈ। ਇਸ ਵਿਚ ਨਾਇਕ ਫੌਜ ਦੀ ਮੈਡੀਕਲ ਕੋਰ ਵਿਚ ਜ਼ਖ਼ਮੀਆਂ ਦੇ ਮਲ੍ਹਮ ਪੱਟੀ ਕਰਨ ਤੇ ਹੋਰ ਦਵਾ ਦਾਰੂ ਦੇਣ ਤੇ ਮੁਲਾਜ਼ਮ ਹੈ। ਉਸਦੀ ਪਤਨੀ ਤੇ ਪੁੱਤਰ ਜੰਮੂ ਤੋਂ ਯਾਤਰਾ ਤੋਂ ਆਉਂਦੇ ਬੱਸ ਵਿਚ ਰੱਖੇ ਬੰਬ ਧਮਾਕੇ ਦਾ ਸ਼ਿਕਾਰ ਹੋ ਜਾਂਦੇ ਹਨ। ਪੁੱਤਰ ਮਾਰਿਆ ਜਾਂਦਾ ਹੈ। ਪਤਨੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਕੇ ਇਕ ਬਾਂਹ ਗੁਆ ਬਹਿੰਦੀ ਹੈ। ਇਥੋਂ ਦੁਖਾਂਤ ਅਰੰਭ ਹੋ ਕੇ ਅੰਤ ਤਕ ਜਾਂਦਾ ਹੈ। ਨਾਇਕ ਦਾ ਸਹੁਰਾ ਮਾਸਟਰ ਰਿਟਾਇਰ ਹੋਣ ਤੋਂ ਪਹਿਲਾਂ ਹੀ ਮਰ ਜਾਂਦਾ ਹੈ। ਉਸਦੀ ਨੌਕਰੀ ਉਸਦੇ ਵੱਡੇ ਪੁੱਤਰ ਰੇਸ਼ਮ ਸਿੰਘ ਨੂੰ ਮਿਲਦੀ ਹੈ, ਪ੍ਰੰਤੂ ਉਹ ਸ਼ਰਾਬੀ ਤੇ ਬਦ-ਇਖਲਾਕ ਹੈ। ਕੁੱਝ ਸਮੇਂ ਉਪਰੰਤ ਉਹ ਆਪਣੇ ਪਿੱਛੇ ਪਤਨੀ ਤੇ ਤਿੰਨ ਧੀਆਂ ਛੱਡਕੇ ਗਾਇਬ ਹੋ ਜਾਂਦਾ ਹੈ। ਉਸਦੀ ਵੱਡੀ ਲੜਕੀ ਪੜ੍ਹਾਈ ਛੱਡਕੇ ਸੇਲਜ਼ ਗਰਲ ਬਣ ਜਾਂਦੀ ਹੈ। ਦੁਕਾਨ ਮਾਲਕ ਦੀ ਹਵਸ ਦਾ ਸ਼ਿਕਾਰ ਹੋ ਕੇ ਬਦਚਲਨੀ ਦੇ ਪੱਕੇ ਰਾਹ ਤੁਰ ਪੈਂਦੀ ਹੈ। ਅਧਖੜ ਦੁਕਾਨ ਮਾਲਕ ਦਾ ਪੁੱਤਰ ਆਪਣੇ ਪਿਉ ਦੇ ਕੁਕਰਮਾਂ ਦੀ ਫਿਲਮ ਬਣਾ ਲੈਂਦਾ ਹੈ ਅਤੇ ਕੁੜੀ ਨੂੰ ਹੋਰ ਬਲੈਕ-ਮੇਲ ਕਰਦਾ ਹੈ। ਇਸ਼ ਤਰਾਂ ਕੁੜੀ ਕਰਮ-ਰੋਗਾਂ ਦਾ ਸ਼ਿਕਾਰ ਹੋ ਕੇ ਦੁਕਾਨ ਮਾਲਕ ਨੂੰ ਵੀ ਰੋਗੀ ਬਣਾ ਦਿੰਦੀ ਹੈ।

ਨਾਇਕ ਦਾ ਛੋਟਾ ਸਾਲਾ ਪਰੇਮ ਇਕ ਵਧੀਆ ਮਨੁੱਖ ਹੈ। ਜਿਹੜਾ ਆਪਣੇ ਪਿਉ ਦੇ ਪੂਰਨਿਆਂ ਦੇ ਚੱਲਕੇ ਲੋਕ ਭਲਾਈ ਦੇ ਰਾਹ ਤੁਰਦਾ ਹੈ। ਪਰੰਤੂ ਇਕ ਲਾ-ਇਲਾਜ ਰੋਗ ਨਾਲ ਮਰ ਜਾਂਦਾ ਹੈ। ਇਸ ਨਾਵਲ ਦਾ ਦੁਖਾਂਤ ਹੋਰ ਡੂੰਘਾ ਹੋ ਜਾਂਦਾ ਹੈ। ਨਾਇਕ ਨੂੰ ਅਤਿਵਾਦੀ ਧੋਖੇ ਨਾਲ ਆਪਣੇ ਇਕ ਸਾਥੀ ਦੇ ਇਲਾਜ ਲਈ ਘਰੋਂ ਲੈਂਦੇ ਹਨ। ਹਕੀਕਤ ਵਿਚ ਉਹ ਸਾਥੀ ਨਾਇਕ ਆਪਣਾ ਗੁੰਮ ਹੋਇਆ ਸਾਲਾ ਰੇਸ਼ਮ ਸਿੰਘ ਹੁੰਦਾਂ ਹੈ। ਜਿਹੜਾ ਕਿਸੇ ਲੁੱਟ ਖੋਹ ਦੀ ਵਾਰਦਾਤ ਵਿਚ ਪੁਲਸ ਦੀ ਗੋਲੀ ਦਾ ਸ਼ਿਕਾਰ ਹੋ ਜਾਂਦਾ ਹੈ। ਨਾਇਕ ਉਸਦੀ ਗੋਲੀ ਕੱਢਦਾ ਤੇ ਹੋਰ ਇਲਾਜ ਕਰਦਾ ਹੈ। ਪਰੰਤੂ ਲੁਟੇਰਿਆਂ ਨੂੰ ਉਸਦੇ ਇਲਾਜ ਵਿਚ ਬਹੁਤੀ ਦਿਲਚਸਪੀ ਨਹੀਂ ਹੁੰਦੀ। ਉਹ ਉਸ਼ ਤੋਂ ਕੇਵਲ ਲੁੱਟੇ ਮਾਲ ਬਾਰੇ ਜਾਨਣਾ ਚਾਹੁੰਦੇ ਹਨ। ਇਹ ਕੁੱਝ ਜਾਨਣ ਉਪਰੰਤ ਉਹ ਰੇਸ਼ਮ ਸਿੰਘ ਨੂੰ ਜਿਉਂਦੇ ਨੂੰ ਹੀ ਨਹਿਰ ਵਿਚ ਰੋੜ ਦਿੰਦੇ ਹਨ ਅਤੇ ਨਾਇਕ ਨੂੰ ਵੀ ਰੋਹੜਨ ਦਾ ਯਤਨ ਕਰਦੇ ਹਨ। ਪਰ ਨਾਇਕ

ਆਪਣੇ ਜ਼ੋਰ ਨਾਲ ਬਚ ਜਾਂਦਾ ਹੈ। ਭੱਜ ਕੇ ਘਰ ਪੁੱਜ ਜਾਂਦਾ ਹੈ । ਘਰ ਆ ਕੇ ਵੀ ਉਸਨੂੰ ਚੈਨ ਨਹੀਂ ਮਿਲਦਾ । ਉਸ ਨੂੰ ਅੱਤਵਾਦੀਆਂ ਤੋਂ ਡਰ ਲੱਗਦਾ ਹੈ। ਪੁਲਸ ਦੇ ਜਬਰ ਦਾ ਵੀ ਖਿਆਲ ਆਉਂਦਾ ਹੈ, ਉਹ ਘਰ ਛੱਡਕੇ ਕਿਸੇ ਅਣਦੱਸੀ ਥਾਂ ਵੱਲ ਤੁਰ ਪੈਂਦਾ ਹੈ। ਇਸ ਤਰਾਂ ਉਹਦਾ ਜੀਵਨ ਹੋਰ ਵੀ ਦੁਖਾਂਤਕ ਹੋ ਜਾਂਦਾ ਹੈ।

ਲੇਖਕ ਨਾਵਲ ਵਿਚ ਅੱਤਵਾਦ ਦਾ ਕਰੂਪ ਚਿਹਰਾ ਨੰਗਾ ਕਰਦਾ ਹੈ। ਜਿਥੇ ਉਹ ਲੋਕਾਂ ਦੇ ਜੀਵਨ ਨੂੰ ਤਬਾਹ ਕਰਦੇ ਹਨ, ਉਥੇ ਅੱਤਵਾਦੀ ਜਿਹੜੇ ਲਟੇਰੇ ਤੇ ਕਾਤਲ ਹਨ, ਲਾਲਚ ਲਈ ਇਕ ਦੂਜੇ ਨੂੰ ਵੀ ਨਹੀਂ ਬਖਸ਼ਦੇ। ਪਰੰਤੂ ਨਾਵਲ ਦਾ ਦੁਖਾਂਤ ਸਮਾਜਿਕ ਪਰਸਥਿਤੀਆਂ ਦੀ ਥਾਂ ਕੁਦਰਤ ਦੀ ਕਰੋਪੀ ਦਾ ਵਧ ਜਾਪਦਾ ਹੈ। ਇਹ ਕੁਝ ਕਲਾ ਦੇ ਪੱਖੋਂ ਠੀਕ ਨਹੀਂ ਹੈ। ਕੁਦਰਤ ਦੀ ਕਰੋਪੀ ਮੂਹਰੇ ਮਨੁੱਖ ਦੀ ਹਾਰ ਉਸ ਨੂੰ ਜੀਵਨ ਲਈ ਸੰਘਰਸ਼ ਦੀ ਪਰੇਰਨਾ ਸਰੋਤ ਨਹੀਂ ਰਹਿੰਦੀ। ਉਲਟਾ ਮਨੁੱਖ ਅੰਦਰ ਢਾਹੂ ਤੇ ਹਾਰੂ ਰੁਚੀਆਂ ਪੈਦਾ ਕਰਦੀ ਹੈ।

ਨਾਵਲ ਵਿਚ ਬੇਬੇ ਦਾ ਪਾਤਰ ਜਿਹੜਾ ਕਿ ਹਕੀਕਤ ਵਿਚ ਇਕ ਖੁਸਰਾ ਹੈ ਬਹੁਤ ਹੀ ਅਹਿਮ ਹੈ। ਉਸ ਦਾ ਆਪਣਾ ਜੀਵਨ ਸੱਖਣਾ ਹੈ, ਪਰ ਉਹ ਇਸ ਨੂੰ ਲੋਕ ਸੇਵਾ ਦੇ ਲੇਖੇ ਲਾ ਦਿੰਦਾ ਹੈ।

ਪਿਛਲੇ ਨਾਵਲਾਂ ਵਿਚ ਇਕ ਘਾਟ ਸੀ ਜਿਸਨੂੰ ਕਈ ਰੀਵੀਊਕਾਰਾਂ ਨੇ ਨੋਟ ਕੀਤਾ ਸੀ। ਇਸ ਨਾਵਲ ਵਿਚ ਵੀ ਘਾਟ ਹੈ ਕਿ ਬਹੁਤੇ ਥਾਈਂ ਪਾਤਰਾਂ ਦੀ ਥਾਂ ਲੇਖਕ ਆਪ ਹੀ ਬੋਲਣ ਲਗ ਪੈਂਦਾ ਹੈ। ਇਹ ਕਲਾ ਪੱਖੋਂ ਵੱਡੀ ਘਾਟ ਹੈ। ਬੋਲੀ ਦੇ ਪੱਖੋਂ ਵੀ ਨਾਵਲ ਉਲਝਿਆ ਹੋਇਆ ਹੈ। ਇਕੋ ਗੱਲ ਮੁੜ ਮੁੜ ਕਹੀ ਗਈ ਹੈ। ਇਸ ਵੇਰ ਲੇਖਕ ਨੇ ਇਸ ਪਾਸੇ ਧਿਆਨ ਨਹੀਂ ਦਿਤਾ। ਸ਼ਾਹ ਚਮਨ ਕੋਲ ਸੂਝ ਸਮਝ ਤੇ ਤਜਰਬਾ ਹੈ, ਪਰੰਤੂ ਉਸਨੂੰ ਹੋਰ ਮਿਹਨਤ ਦੀ ਲੋੜ ਹੈ। ਉਹ ਚੰਗਾ ਨਾਵਲਕਾਰ ਬਣ ਸਕਦਾ ਹੈ।

ਸੁਰਜੀਤ ਗਿੱਲ

## ਗੁਆਚੇ ਸੂਰਜ

ਬਲਜੀਤ ਕੌਰ ਬੱਲੀ

'ਗੁਆਚੇ ਸੂਰਜ' ਬਲਜੀਤ ਕੌਰ ਬੱਲੀ ਦਾ ਚੌਥਾ ਨਾਵਲ ਹੈ। ਆਪਣੇ ਪਹਿਲੇ ਨਾਵਲ "ਆਪਣੀ ਛਾਵੇਂ" ਵਿਚ ਉਸ ਨੇ ਆਪਣੇ ਮਨ ਦੀ ਭੜਾਸ ਕੱਢੀ ਸੀ। ਪਰੰਤੂ ਇਸ ਪਿੱਛੋਂ ਆਏ ਦੋ ਨਾਵਲਾਂ 'ਠਰੀ ਰਾਤ' ਤੇ 'ਧੁੱਪ ਦੀ ਵਾਟ' ਨਾਲ ਪੰਜਾਬੀ ਨਾਵਲਕਾਰਾਂ ਦੀ ਕਤਾਰ ਵਿਚ ਆ ਖੜੀ ਹੋਈ। ਉਸਦਾ ਤੀਜਾ ਨਾਵਲ 'ਧੁੱਪ ਦੀ ਵਾਟ' ਜਿਥੇ ਬੱਲੀ ਦੀ ਸੋਚ ਦੀ ਪਕਿਆਈ, ਬਦਲ ਰਹੇ ਸਮਾਜਿਕ ਰਿਸ਼ਤਿਆਂ ਤੇ ਉਹਨਾਂ ਤੇ ਪੈ ਰਹੇ ਬੁਰਜੂਵਾ ਪਰਭਾਵਾਂ ਨੂੰ ਸਮਝਣ ਦੀ ਤੀਖਣ ਨੀਝ ਦਾ ਲਿਖਾਇਕ ਹੈ। ਉਥੇ ਪੰਜਾਬੀ ਸਾਹਿਤ ਵਿਚ ਵੀ ਵਿਸ਼ੇ ਪੱਖੋਂ ਨਵੇਕਲਾ ਸੀ। ਪਰੰਤੂ ਦੁੱਖ ਦੀ ਗੱਲ ਕਿ ਬਹੁਤੇ ਪੰਜਾਬੀ ਪਾਠਕਾਂ ਤੇ ਅਲੋਚਕਾਂ ਨੇ ਇਸ ਵਲ ਧਿਆਨ ਨਹੀਂ ਦਿੱਤਾ, ਪਰੰਤੂ ਉਕਤ ਨਾਵਲ ਹਾਲੇ ਵੀ ਪੰਜਾਬੀ ਅਲੋਚਕਾਂ ਦੇ ਧਿਆਨ ਦੀ ਮੰਗ ਕਰਦਾ ਹੈ।



ਹੁਣੇ ਜਿਹੇ ਬਲਜੀਤ ਕੌਰ ਬੱਲੀ ਨੇ ਆਪਣੇ ਜੀਵਨ ਸੰਗਰਾਮ ਵਿਚੋਂ ਸਮਾਂ ਕੱਢਕੇ ਜਿਸ ਵਿਚੋਂ ਉਹ ਜੇਤੂ ਹੋ ਕੇ ਨਿਕਲੀ ਹੈ, ਆਪਣਾ ਚੌਥਾ ਵੱਡ ਅਕਾਰੀ ਨਾਵਲ "ਗੁਆਚੇ ਸੂਰਜ" ਪੇਸ਼ ਕੀਤਾ ਹੈ। ਬਲਜੀਤ ਕੌਰ ਬੱਲੀ ਅਧਿਆਪਕਾ ਤੋਂ ਪਰਿਅਧਿਆਪਕਾ ਬਣੀ ਹੈ। ਲੰਮਾ ਸਮਾਂ ਉਸਦਾ ਵਾਹ ਸਕੂਲੀ ਮੁੰਡੇ ਕੁੜੀਆਂ ਨਾਲ ਰਿਹਾ ਹੈ। ਇਸ ਲਈ ਉਹ ਉਹਨਾਂ ਦੀ ਮਾਨਸਿਕਤਾ ਨੂੰ ਚੰਗੀ ਤਰਾਂ ਸਮਝਦੀ ਹੈ। ਆਪਣੇ ਹੱਥਲੇ ਨਾਵਲ ਵਿਚ ਉਸ ਨੇ ਇਸੇ ਮਾਨਸਿਕਤਾ ਨੂੰ ਪੇਸ਼ ਕੀਤਾ ਹੈ। ਅਜੋਕੀ ਸਥਿਤੀ ਵਿਚ ਸਕੂਲ ਤੇ ਅਧਿਆਪਕ ਸਾਡੇ ਸਮਾਜਕ ਜੀਵਨ ਦਾ ਅਹਿਮ ਅੰਗ ਬਣ ਗਿਆ ਹੈ। ਅਧਿਆਪਕ ਵਰਗ ਦਾ ਆਪਣਾ ਕਲਚਰ ਹੈ, ਜਿਸ ਵਿਚ ਹਰ ਸਬੰਧਤ ਵਿਅਕਤੀ ਆਪਣੀ ਨਿੱਜੀ ਤੇ ਜਮਾਤੀ ਸੋਚ ਦਾ ਪਰਗਟਾਵਾ ਕਰਦਾ ਹੈ। ਜਿਸ ਰਾਹੀਂ ਮਨੁੱਖ ਦੀਆਂ ਚੰਗਿਆਈਆਂ ਤੇ ਬੁਰਾਈਆਂ ਦਾ ਪਰਗਟਾਵਾ ਹੁੰਦਾ ਹੈ। ਬਲਜੀਤ ਕੌਰ ਨੇ ਵੱਖੋ ਵੱਖਰੇ ਪਾਤਰਾਂ ਰਾਹੀਂ ਇਸ ਸਕੂਲ ਕਲਚਰ ਨੂੰ ਪਰਤੱਖ ਕੀਤਾ ਹੈ।

ਨਾਵਲ ਦਾ ਨਾਇਕ ਬਿਕਰਮ ਇਕ ਸਕੂਲ ਪੜ੍ਹਦਾ ਮਾਂ ਮਹਿੰਦਰ ਮੁੰਡਾ ਹੈ। ਉਸਦਾ ਪਿਤਾ ਇਕ ਮੱਧ-ਵਰਗੀ ਵਿਅਕਤੀ ਹੈ ਜਿਸ ਨੂੰ ਆਪਣੇ ਪਰਵਾਰ ਤੇ ਆਪਣੇ ਪੁੱਤਰ ਤੋਂ ਬਿਨਾਂ ਕੋਈ ਸਮਾਜਿਕ ਸਰੋਕਾਰ ਨਹੀਂ ਹੈ। ਉਸਦੀ ਇੱਛਾ ਹੈ ਕਿ ਬਿਕਰਮ ਕੇਵਲ ਘਰ ਤੇ ਪੜ੍ਹਾਈ ਤੋਂ ਬਿਨਾਂ ਹੋਰ ਕਿਸੇ ਗੱਲ ਨਾਲ ਕੋਈ ਸਬੰਧ ਨਾ ਰੱਖੇ। ਬਿਕਰਮ ਦੀ ਮਤਰੇਈ ਮਾਂ ਪਰਕਾਸ਼ ਵੀ ਰਵਾਇਤੀ ਮਤਰੇਈ ਮਾਂ ਹੈ। ਉਹ ਬਿਕਰਮ ਨੂੰ ਪਸੰਦ ਨਹੀਂ ਕਰਦੀ। ਪਰੰਤੂ ਆਪਣੀ ਨਫਰਤ ਦਾ ਪਰਗਟਾਵਾ ਸੰਭਲਕੇ ਕਰਦੀ ਹੈ, ਕਿਉਂਕਿ ਬਿਕਰਮ ਦੇ ਪਿਤਾ ਦਾ ਡਰ ਹੈ। ਬਿਕਰਮ ਦੇ ਅੰਦਰ ਵੀ ਮਤਰੇਈ ਮਾਂ ਲਈ ਪਿਆਰ ਨਹੀਂ ਹੈ। ਇਸ ਲਈ ਉਹ ਮਾਨਸਿਕ ਤੌਰ ਤੇ ਉਲਝਣ ਵਿਚ ਹੈ। ਇਸ ਉਲਝਣ ਵਿਚੋਂ ਉਹਨੂੰ ਉਹਦੇ ਸੰਘਰਸ਼ਸ਼ੀਲ ਮਿੱਤਰ ਚਰਨਜੀਤ ਤੇ ਦਰਸ਼ਨ ਆਦਿ ਕੱਢਦੇ ਹਨ। ਜਿਹੜੇ ਸਮਾਜਿਕ ਸਵਾਲਾਂ ਵੱਲ ਸਾਰਥਿਕ ਪਹੁੰਚ ਲੈ ਕੇ ਸਕੂਲ ਦੇ ਮਾਹੌਲ ਨੂੰ ਸੁਧਾਰਨ ਲਈ ਅਨਾੜੀ ਕਿਸਮ ਦਾ ਸੰਘਰਸ਼ ਕਰਦੇ ਹਨ।

ਬਲਜੀਤ ਕੌਰ ਨੇ ਇਸ ਬਹੁ ਅਕਾਰੀ ਨਾਵਲ ਵਿਚ ਕਸਬੇ ਦੇ ਲੋਕਾਂ, ਸਕੂਲ ਮਾਸਟਰਾਂ ਤੇ ਮਾਸਟਰਾਣੀਆਂ ਦੀ ਮਾਨਸਿਕਤਾ ਬਚਪਨ ਤੇ ਜਵਾਨੀ ਦੇ ਵਿਚਕਾਰਲੀ ਉਮਰ ਦੇ ਮੁੰਡੇ ਕੁੜੀਆਂ ਦੀ ਮਾਨਸਿਕਤਾ ਨੂੰ ਬਹੁਤ ਵਿਸਥਾਰ ਤੇ ਬਰੀਕੀ ਨਾਲ ਚਿਤਰਿਆ ਹੈ। ਇਸ ਤਰਾਂ ਦਰਜਨਾਂ ਪਾਤਰ, ਉਹਨਾਂ ਦਾ ਵੱਖੋ ਵੱਖਰਾ ਵਿਵਹਾਰ ਸਾਡੇ ਅਜੋਕੇ ਸਮਾਜਿਕ ਵਰਤਾਰੇ ਦੇ ਅਕਸ ਵਜੋਂ ਪੇਸ਼ ਕੀਤਾ ਹੈ। ਨਾਵਲ ਦੇ ਬਹੁਤੇ ਪਾਤਰ ਮੱਧ-ਵਰਗ ਜਾਂ ਨਿਮਨ-ਮੱਧ ਵਰਗ ਵਿਚੋਂ ਹਨ। ਜਿਹੜੇ ਨਾ ਤਾਂ ਆਪਣੇ ਪੇਂਡੂ ਪਿਛੋਕੜ ਨਾਲੋਂ ਪੂਰੀ ਤਰਾਂ ਟੁੱਟੇ ਹਨ ਅਤੇ ਨਾ ਹੀ ਪੂਰੀ ਤਰਾਂ ਜੁੜੇ ਹਏ ਹਨ। ਟੁੱਟ ਰਹੇ ਪੁਰਾਣੇ ਜਗੀਰੂ ਸਭਿਆਚਾਰ ਤੇ ਸਦਾਚਾਰ ਦਾ ਪਰਭਾਵ ਉਹਨਾ ਤੇ ਵੀ ਪੈ ਰਿਹਾ ਹੈ। ਮੁੰਡੇ ਅਰਧ ਚੇਤਨ ਹੋ ਕੇ ਹੜਤਾਲਾਂ ਕਰਨ ਰਾਜਸੀ ਧੁੰਦਲੇ ਪਣ ਕਾਰਨ ਕੋਈ ਦਰੁਸਤ ਟੀਚਾ ਪਰਾਪਤ ਕਰਨ ਦੀ ਥਾਂ ਕੇਵਲ ਗੜਬੜ ਚੌਥ ਹੀ ਕਰਦੇ ਹਨ। ਕੁੜੀਆਂ ਆਪਣੇ ਆਪ ਵਿਚ ਜਿਉਂਦੀਆਂ

ਹਨ। ਉਹਨਾਂ ਸਾਹਮਣੇ ਕੋਈ ਸਮਾਜਿਕ ਟੀਚਾ ਨਹੀਂ ਹੈ। ਇਸੇ ਤਰਾਂ ਅਧਿਆਪਕ ਅਪਣੇ ਸਮਾਜਿਕ ਕਰਤਵ, ਸਮਾਜ ਦੇ ਉਸਰਈਏ ਹੋਣ ਦੀ ਥਾਂ ਆਪਣੇ ਸੌੜੇ ਨਿੱਜੀ ਹਿੱਤ ਲਈ ਸੰਕੀਰਤਾ ਦੇ ਸ਼ਿਕਾਰ ਹਨ। ਹੈਡ ਮਿਸਟਰੈਸ ਗੁਰਬੰਸ ਕੌਰ ਘੈਟੀ ਬੁਰਜੁਵਾ ਇਸਤਰੀ ਦਾ ਚਲਾਕੀ ਭਰਿਆ ਵਿਵਹਾਰ ਕਰਦੀ ਹੈ। ਉਸ ਨੂੰ ਹਰ ਸਮੇਂ ਆਪਣੇ ਹਿੱਤਾਂ ਦਾ ਖਿਆਲ ਰਹਿੰਦਾ ਹੈ। ਦੂਜੀਆਂ ਮਾਸਟਰ ਮਾਸਟਰਾਣੀਆਂ ਵੀ ਇਵੇਂ ਕਰਦੀਆਂ ਹਨ। ਕੇਵਲ ਇਕ ਅਧਿਆਪਕਾ ਗੁਰਬੀਰ ਕੁੱਝ ਵੱਖਰਾ ਵਿਵਹਾਰ ਕਰਦੀ ਹੈ। ਪਰੰਤੂ ਉਸ ਬਾਰੇ ਵੀ ਗੱਲ ਪਰਤੱਖ ਨਹੀਂ ਹੁੰਦੀ ਕਿ ਉਹ ਕਿਸੇ ਆਦਰਸ਼ ਤੋਂ ਪਰੇਰਤ ਹੈ ਜਾਂ ਸਹਿਜ ਹੀ ਸੁਭਾਅ ਦੇ ਪੱਖੋਂ ਵਿਦਿਆਰਥੀਆਂ ਵਲ ਹਮਦਰਦੀ ਦਾ ਰਵੱਈਆ ਰੱਖਦੀ ਹੈ।

ਨਾਵਲ ਵਿਚ ਪਿਛਲੇ ਸਾਲਾਂ ਵਿਚ ਪੰਜਾਬ ਅੰਦਰ ਚਲੇ ਅਤਿਵਾਦ ਦਾ ਵੀ ਵਰਨਣ ਹੈ। ਇਕ ਸਨੱਖੀ ਕੁੜੀ ਸ਼ੈਲੀ ਜਿਸਨੂੰ ਨਾਵਲ ਦੀ ਨਾਇਕਾ ਵੀ ਕਿਹਾ ਜਾ ਸਕਦਾ ਹੈ, ਇਕ ਦੁਖਾਂਤ ਦਾ ਸ਼ਿਕਾਰ ਹੁੰਦੀ ਹੈ। ਕੁੱਝ ਬਦਮਾਸ਼ ਕਿਸਮ ਦੇ ਮੁੰਡੇ ਉਸਨੂੰ ਚੁੱਕਕੇ ਲੈ ਜਾਂਦੇ ਹਨ। ਉਹ ਆਪਣੇ ਆਪ ਨੂੰ ਅੱਤਵਾਦੀ ਦੱਸਦੇ ਹਨ। ਇਕ ਹੋਰ ਮੁੰਡਾ ਜਿਹੜਾ ਸਿਣਕੀ ਜਿਹਾ ਸੀ ਤੇ ਕਿਸੇ ਸਮੇਂ ਸ਼ੈਲੀ ਨਾਲ ਪਿਆਰ ਕਰਦਾ ਸੀ ਤੇ ਉਸ ਨਾਲ ਵਿਆਹ ਕਰਾਉਣ ਦਾ ਇੱਛਕ ਸੀ ਅਸਲੀ ਅੱਤਵਾਦੀ ਬਣ ਜਾਂਦਾ ਹੈ ਤੇ ਬਦਮਾਸ਼ਾਂ ਨੂੰ ਕਤਲ ਕਰ ਦਿੰਦਾ ਹੈ। ਇਥੇ ਲੇਖਕਾ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਅੱਤਵਾਦੀ ਤੇ ਬਦਮਾਸ਼ ਇਕੋ ਗੱਲ ਨਹੀਂ ਬਲਕਿ ਅੱਡ-ਅੱਡ ਗੱਲਾਂ ਹਨ। ਸ਼ੈਲੀ ਦੇ ਸਬੰਧ ਵਿਚ ਲੇਖਕਾ ਕੁਝ ਵੱਧ ਹੀ ਨਿਰਦਈ ਹੋ ਗਈ ਜਾਪਦੀ ਹੈ। ਉਸ ਦਾ ਜੀਵਨ ਹਨੇਰੇ ਨਾਲ ਭਰ ਦਿੱਤਾ ਹੈ। ਉਸ ਦੀ ਪੜ੍ਹਾਈ ਖ਼ਤਮ, ਸਾਰੀਆਂ ਉਮੰਗਾਂ ਖ਼ਤਮ, ਕਿਸੇ ਅਣਦੱਸੀ ਥਾਂ ਵਿਆਹ। ਅੱਤਵਾਦ ਦੇ ਪਰਛਾਵੇਂ ਦਾ ਵਰਨਣ ਇਕ ਹੋਰ ਘਟਨਾ ਪ੍ਰੋਫੈਸਰ ਬ੍ਰਹਮ ਜਗਦੀਸ਼ ਦੇ ਕਤਲ ਵਿਚ ਕੀਤਾ ਹੈ। ਪ੍ਰੋਫੈਸਰ ਅੱਤਵਾਦ ਵਿਰੁੱਧ ਬੋਲਣ ਵਾਲਾ ਅੱਗੇ-ਵਧੂ ਵਿਅਕਤੀ ਸੀ। ਅੱਤਵਾਦੀਆਂ ਦੇ ਘਿਨਾਉਣੇ ਕਾਰਿਆਂ ਵਿਚ ਲੋਕ-ਪੱਖੀ ਤੇ ਅੱਗੇ-ਵਧੂ ਬੁੱਧੀਜੀਵੀਆਂ ਨੂੰ ਕਤਲ ਕਰਨਾ ਇਕ ਖ਼ਾਸ ਗੱਲ ਸੀ।

ਨਾਵਲ ਵੱਡ-ਅਕਾਰੀ ਹੋਣ ਤੇ ਵੀ ਘਟਨਾਵਾਂ ਬਹੁਤ ਵਿਸਤਰਤ ਵਰਨਣ ਕਰਨ ਤੇ ਵੀ ਅਧੂਰਾ ਜਾਪਦਾ ਹੈ, ਕਿਉਂਕਿ ਨਾਵਲ ਦਾ ਕੋਈ ਵੀ ਅਹਿਮ ਪਾਤਰ ਕਿਸੇ ਟਿਕਾਣੇ ਨਹੀਂ ਲੱਗਦਾ। ਸ਼ੈਲੀ ਦੁਖਾਂਤ ਦਾ ਸ਼ਿਕਾਰ ਹੋ ਗਈ। ਬਿਕਰਮ ਵੀ ਕਿਸੇ ਟਿਕਾਣੇ ਨਹੀਂ ਪੁੱਜਿਆ। ਜੇਕਰ ਸ਼ੈਲੀ ਨਾਲ ਦੁਖਾਂਤ ਨਾ ਵੀ ਵਾਪਰਦਾ ਤਾਂ ਇਸ ਪਿਆਰ ਕਥਾ ਦਾ ਅੰਤ ਫਿਰ ਵੀ ਦੁਖਾਂਤ ਵਿਚ ਹੀ ਹੋਣਾ ਸੀ, ਕਿਉਂਕਿ ਨਗਰ ਸਦਾਚਾਰ ਅਨੁਸਾਰ ਪਿੰਡ ਦੇ ਮੁੰਡੇ ਤੇ ਕੁੜੀ ਦਾ ਆਪਸੀ ਵਿਆਹ ਸੰਭਵ ਨਹੀਂ ਹੁੰਦਾ। ਦੂਜੇ ਸ਼ੈਲੀ ਤੇ ਬਿਕਰਮ ਦੇ ਜਮਾਤੀ ਦਰਜੇ ਨੇ ਰਾਹ ਵਿਚ ਅਵੱਸ਼ ਖੜੋਣਾ ਸੀ।

ਇਹ ਨਾਵਲ ਬਲਜੀਤ ਕੌਰ ਦੇ ਪਹਿਲੇ ਨਾਵਲਾਂ ਨਾਲੋਂ ਕਈ ਪੱਖਾਂ ਤੋਂ ਨਵੇਕਲਾ ਹੈ, ਇਸ ਲੇਖਕਾਂ ਨੇ ਸਕੂਲ ਵਾਤਾਵਰਨ ਦਾ ਚਿਤਰਨ ਬਹੁਤ ਬਰੀਕੀ ਤੇ ਵਿਸਥਾਰ ਨਾਲ ਕੀਤਾ ਹੈ। ਉਸ ਨੂੰ ਆਪ ਸਿਰਜੇ ਪਾਤਰਾਂ ਮਾਸਟਰ-ਮਾਸਟਰਨੀਆਂ, ਮੁੰਡੇ-ਕੁੜੀਆਂ,



ਚੌਕੀਦਾਰਾਂ, ਨਿਮਨ ਮੱਧ-ਵਰਗੀ ਪਰਿਵਾਰਾਂ ਦੇ ਚੱਜ ਆਚਾਰ ਤੇ ਮਾਨਸਿਕਤਾ ਦੀ ਬਹੁਤ ਡੂੰਘੀ ਸਮਝ ਹੈ। ਵਰਨਣ ਵਿਚ ਸਹਿਜਤਾ ਤੇ ਰਵਾਨੀ ਹੈ। ਇਸ ਨਾਵਲ ਵਿਚ ਲੇਖਕਾ ਬਹੁਤ ਸਾਰੇ ਸਮਾਜਿਕ ਸਵਾਲਾਂ ਨੂੰ ਪੇਸ਼ ਕਰਦੀ ਹੈ। ਉਹਨਾਂ ਸਾਹਮਣੇ ਸਵਾਲੀਆ ਨਿਸ਼ਾਨ ਵੀ ਲਾਉਂਦੀ ਹੈ, ਪਰੰਤੂ ਕਿਸੇ ਦਾ ਸਮਾਧਾਨ ਨਹੀਂ ਦੱਸਦੀ। ਨਾਵਲ ਦਾ ਨਾਂ ਵੀ ਢੁੱਕਵਾਂ ਹੈ, ਅਜੋਕੀ ਸਮਾਜਿਕ ਗੜਬੜ ਚੌਥ ਵਿਚ ਸ਼ੈਲੀ ਚਰਨਜੀਤ ਬ੍ਰਹਮ ਤੇ ਜਗਦੀਸ਼ ਤੇ ਬਿਕਰਮ ਵਰਗੇ ਅਨੇਕਾਂ ਸੂਰਜ ਗੁਆਚ ਰਹੇ ਹਨ, ਉਹਨਾਂ ਨੂੰ ਕੌਣ ਸਾਂਭੇਗਾ ? ਇਸ ਨਾਵਲ ਦਾ ਇਹੋ ਸਵਾਲ ਹੈ। ਇਹੋ ਲੇਖਕਾ ਦੀ ਪ੍ਰਾਪਤੀ ਹੈ।

ਸੁਰਜੀਤ-ਗਿੱਲ

## ਨਵੇਂ ਦਿਸਹੱਦਿਆਂ ਦੀ ਤਲਾਸ਼

ਸੰਪਾਦਕ ਬਲਬੀਰ ਪਰਵਾਨਾ

ਪਿਛਲੇ ਦਿਨੀਂ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਚੰਡੀਗੜ੍ਹ ਵਲੋਂ ਬਲਬੀਰ ਪ੍ਰਵਾਨਾ ਵਲੋਂ ਸੰਪਾਦਿਤ ਨਵੇਂ ਕਵੀਆਂ ਦੀਆਂ ਕਵਿਤਾਵਾਂ ਦੀ ਪੁਸਤਕ 'ਨਵੇਂ ਦਿਸਹੱਦਿਆਂ ਦੀ ਤਲਾਸ਼' ਪ੍ਰਾਪਤ ਹੋਈ ਹੈ। ਇਸ ਵਿਚ 28 ਪੰਜਾਬੀ ਕਵੀ ਸ਼ਾਮਿਲ ਕੀਤੇ ਗਏ ਹਨ। ਹਰ ਕਵੀ ਦਾ ਜੀਵਨ-ਵੇਰਵਾ ਦੇਣ ਦੇ ਨਾਲ, ਉਸ ਦੀ ਕਵਿਤਾ ਬਾਰੇ ਸੰਖੇਪ ਟਿੱਪਣੀ ਅਤੇ ਨਾਲ-ਨਾਲ ਤਿੰਨ-ਤਿੰਨ ਚਾਰ-ਚਾਰ ਚੋਣਵੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਹਨ। ਇਕ ਤਰ੍ਹਾਂ ਨਾਲ ਇਹ ਚੋਣਵੇਂ ਨਵੇਂ ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਬਣਾ ਕੇ ਪੇਸ਼ ਕੀਤਾ ਗਿਆ ਹੈ। ਇੰਝ ਪਾਠਕ ਨੂੰ, ਸੰਪਾਦਕ ਦੀ ਕੀਤੀ ਮਿਹਨਤ ਤੇ ਉੱਦਮ ਤੋਂ ਕਾਫੀ ਲਾਭ ਪ੍ਰਾਪਤ ਹੋ ਜਾਂਦਾ ਹੈ ਕਿ ਉਸ ਨੂੰ ਖ਼ੁਦ ਨਾ ਕਵੀ ਦੀ ਚੋਣ ਕਰਨੀ ਪਈ ਹੈ ਤੇ ਨਾ ਹੀ ਉਸ ਦੀਆਂ ਚੋਣਵੀਆਂ ਕਵਿਤਾਵਾਂ ਦੀ। ਇਸ ਪੱਖੋਂ ਸ੍ਰੀ ਗੁਰਸ਼ਰਨ ਸਿੰਘ ਹੋਰਾਂ ਦੇ ਸ਼ਬਦਾਂ ਵਿਚ, "ਇਹ ਕਿਤਾਬ ਇਕ ਦਸਤਾਵੇਜ਼ੀ ਭੂਮਿਕਾ ਨਿਭਾਉਣ ਦੀ ਸੰਭਾਵਨਾ ਰੱਖਦੀ ਹੈ।"

ਸੰਪਾਦਕ ਨੇ ਇਹ ਰਚਨਾਵਾਂ ਰੋਜ਼ਾਨਾ ਨਵਾਂ ਜ਼ਮਾਨਾ ਦੇ ਐਤਵਾਰ ਐਡੀਸ਼ਨ ਵਿਚ ਇਕ ਨਵੇਂ ਕਾਲਮ ਅਧੀਨ ਛਾਪੀਆਂ ਸਨ। ਬਹੁਤੇ ਪਾਠਕਾਂ ਨੇ ਇਹ ਕਵਿਤਾਵਾਂ, ਪਹਿਲਾਂ ਹੀ ਵੱਖ-ਵੱਖ ਕਵੀਆਂ ਦੀ ਪੁਸਤਕਾਂ 'ਚੋਂ ਪੜ੍ਹੀਆਂ ਹੋਣਗੀਆਂ, ਫਿਰ ਅਖ਼ਬਾਰ ਦੇ ਕਾਲਮ ਵਿਚੋਂ ਤੇ ਹੁਣ ਉਹ ਤੀਸਰੀ ਵਾਰ ਇਸ ਪੁਸਤਕ 'ਚੋਂ ਪੜ੍ਹਨ ਦਾ ਅਵਸਰ ਪ੍ਰਾਪਤ ਕਰਨਗੇ। ਨਿਰਸੰਦੇਹ ਬਲਬੀਰ ਪ੍ਰਵਾਨਾ ਨੇ ਨਵੀਂ ਕਵਿਤਾ ਦੀ ਪਛਾਣ ਕਰਨ, ਟਿੱਪਣੀ ਕਰਨ ਤੇ ਚੋਣਵੀਆਂ ਕਵਿਤਾਵਾਂ ਚੁਣਨ ਵਿਚ ਕਾਫੀ ਮਿਹਨਤ ਕੀਤੀ ਹੈ ਤੇ ਇਸ ਕਾਰਜ ਲਈ ਉਸ ਨੂੰ ਮੁਬਾਰਕਬਾਦ ਦੇਣੀ ਬਣਦੀ ਹੈ। ਪਰ ਪੁਸਤਕ ਦੇ ਪਾਠ ਸਮੇਂ, ਪਾਠਕ ਦੇ ਮਨ ਵਿਚ ਕਈ ਪ੍ਰਸ਼ਨ, ਸ਼ੰਕੇ ਤੇ ਕਿੰਤੂ ਉਤਪੰਨ ਹੁੰਦੇ ਹਨ, ਜਿਹੜੇ ਪਾਠਕਾਂ ਨਾਲ ਸਾਂਝੇ ਕਰਨੇ ਬਣਦੇ ਹਨ ਤਾਂ ਕਿ ਇਸ ਬਹਾਨੇ, ਨਵੀਂ ਕਵਿਤਾ ਬਾਰੇ ਸੰਵਾਦ ਆਰੰਭ ਹੋ ਸਕੇ।

ਸੰਪਾਦਕ ਤੇ ਪ੍ਰਕਾਸ਼ਨ ਸ. ਗੁਰਸ਼ਰਨ ਸਿੰਘ ਜੀ ਦੇ ਆਰੰਭਿਕ ਸ਼ਬਦਾਂ ਨੂੰ ਪੜ੍ਹਨ ਤੋਂ ਬਾਅਦ, ਪਾਠਕ ਦਾ ਧਿਆਨ ਸਮਰਪਨ ਦੇ ਵਾਕ ਤੇ ਜਾਂਦਾ ਹੈ। ਪ੍ਰਵਾਨਾ ਜੀ ਨੇ ਇਹ ਸੰਗ੍ਰਹਿ ਨਵਾਂ ਜ਼ਮਾਨਾ ਦੇ ਮਾਲਕ ਤੇ ਸੰਪਾਦਕ ਸ: ਜਗਜੀਤ ਸਿੰਘ ਆਨੰਦ ਨੂੰ ਭੇਂਟ ਕੀਤਾ ਹੈ। ਇੰਝ ਆਪਣੇ ਮਾਲਕ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ ਵੀ ਵਿਖਾਈ ਦਿੰਦੀ ਹੈ, ਜਿਹਨਾਂ ਨਾਲ ਤਿੱਖੇ ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ, ਉਹਨਾਂ ਸੰਪਾਦਕ ਨੂੰ "ਬਹੁਤ ਕੁਝ ਕਰਨ ਦੀ ਖੁੱਲ੍ਹ ਦੇ ਰੱਖੀ ਹੈ" ਇਹ ਕਿਹੜੇ ਮਤਭੇਦ ਹਨ ? ਤੇ ਕਿੰਨੇ ਕੁ ਤਿੱਖੇ ਹਨ ? ਇਹ ਸਹਿਹੋਂਦ ਕਿਵੇਂ ਸੰਭਵ ਹੈ ? ਤੇ ਵਿਚਾਰਧਾਰਕ ਪ੍ਰਤੀਬੱਧਤਾ ਕਿਸ ਬਲਾ ਦਾ ਨਾਮ ਹੈ !

ਵੱਡਿਆਂ ਕੰਮਾਂ ਵਿਚ ਨਿੱਕੀਆਂ ਗੱਲਾਂ ਅਣਡਿੱਠ ਹੋ ਹੀ ਜਾਂਦੀਆਂ ਹਨ। ਸੰਪਾਦਕ ਨੇ ਖ਼ੁਦ ਸਵੀਕਾਰ ਕੀਤਾ ਹੈ ਕਿ ਅਜੇਹੇ ਕੰਮਾਂ 'ਚ ਉਕਾਈਆਂ ਰਹਿ ਸਕਦੀਆਂ ਹਨ ਕਿਉਂਕਿ "ਨਿੱਜੀ ਦ੍ਰਿਸ਼ਟੀਕੋਣ ਭਾਰੂ ਰਹਿੰਦਾ ਹੈ।"

ਸੰਪਾਦਕ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਸ ਚੋਣ ਦਾ ਬੁਨਿਆਦੀ ਆਧਾਰ ਕੀ ਹੈ। ਕਿਹੜੀ ਪੀੜ੍ਹੀ ਨੂੰ ਕਿਸ ਆਧਾਰ ਤੇ ਥਾਂ ਦਿੱਤੀ ਹੈ। ਕਈ ਕਵੀ ਤੀਜੇ ਦਹਾਕੇ ਵਿਚ ਹਨ, ਬਹੁਤੇ ਚੌਥੇ ਦਹਾਕੇ ਦੇ ਕੁਝ ਪੰਜਵੇਂ ਦਹਾਕੇ ਦੇ। ਜਿਹੜੇ ਕਵੀ ਚੁਣੇ ਹਨ ਉਹ ਕਿਸ ਆਧਾਰ ਤੇ ਚੁਣੇ ਹਨ ਤੇ ਜਿਹੜੇ ਛੱਡੇ ਹਨ, ਕਿਹਨਾਂ ਕਾਰਨਾਂ ਅਧੀਨ ? ਬੂਟਾ ਸਿੰਘ ਚੌਹਾਨ, ਹਰਵਿੰਦਰ ਭੰਡਾਲ, ਬਲਵਿੰਦਰ ਰਿਸ਼ੀ, ਡਾ. ਰਵਿੰਦਰ, ਬੀਬਾ ਬਲਵੰਤ, ਵਿਜੇ ਵਿਵੇਕ ਆਦਿ ਬਹੁਤੇ ਨਾਂ ਗਿਣਾਏ ਜਾ ਸਕਦੇ ਹਨ, ਜਿਹਨਾਂ ਨੂੰ ਛੱਡਿਆ ਗਿਆ ਹੈ। ਖ਼ੈਰ ਛੱਡਣ ਜਾਂ ਪਾਉਣ ਬਾਰੇ ਤਾਂ ਕਿੰਤੂ-ਪ੍ਰੰਤੂ ਹੁੰਦੇ ਰਹਿੰਦੇ ਹਨ, ਕਿਉਂਕਿ ਸਾਰਿਆਂ ਨੂੰ ਕਦੇ ਵੀ ਖ਼ੁਸ਼ ਜਾਂ ਸ਼ਾਮਿਲ ਕਰਨਾ ਸੰਭਵ ਹੀ ਨਹੀਂ ਹੁੰਦਾ।

ਪ੍ਰਵਾਨਾ ਜੀ ਭੂਮਿਕਾ ਵਿਚ ਲਿਖਦੇ ਹਨ ਕਿ, "ਸਾਡੀ ਅੱਜ ਦੀ ਜ਼ਿੰਦਗੀ ਵਿਅਕਤੀਗਤ ਅਹਿਸਾਸਾਂ ਦੇ ਇਰਦ-ਗਿਰਦ ਘੁੰਮਦੀ ਤੇ ਬੁਣੀ ਜਾਣ ਲੱਗ ਪਈ ਹੈ। ਇਸ ਦਾ ਇਕ ਕਾਰਨ ਸ਼ਾਇਦ ਸਮਾਜ 'ਚ ਤਬਦੀਲੀ ਲਈ ਲੜ ਰਹੀ ਕਿਸੇ ਸ਼ਕਤੀਸ਼ਾਲੀ ਲੋਕ ਲਹਿਰ ਦਾ ਨਾ ਹੋਣਾ ਹੈ।" ਕੀ ਇਸ ਦਾ ਅਰਥ ਹੈ ਇਹ ਕਿ ਸਮਾਜ ਵਿਚ ਹੋ ਰਹੀਆਂ ਤਬਦੀਲੀਆਂ ਪ੍ਰਤੀ ਨਵੇਂ ਕਵੀ ਨਿਰਲੇਪ ਹੋ ਗਏ ਹਨ ਤੇ ਉਹ ਅੰਤਰਮੁਖੀ ਹੋ ਚੌਗਿਰਦੇ ਤੋਂ ਬੇਨਿਆਜ਼ ਹੋ ਚੁੱਕੇ ਹਨ। ਸਮਾਜ ਵਿਚ ਵਿਰੋਧੀ ਸ਼ਕਤੀਆਂ, ਧਿਰਾਂ ਤੇ ਜਮਾਤਾਂ ਵਿਚ ਟਕਰਾ ਤੇ ਵਿਰੋਧ ਤਾਂ ਨਿਰੰਤਰ ਚੱਲਦਾ ਹੈ, ਕਦੇ ਪ੍ਰਗਟ ਤੇ ਕਦੇ ਪ੍ਰਗਟ ਰੂਪ ਵਿਚ। ਇਹਨਾਂ ਤਬਦੀਲੀਆਂ ਤੇ ਸਮਾਜਕ ਯਥਾਰਥ ਵਿਚ ਹੋ ਰਹੀ ਟੁੱਟ-ਭੱਜ, ਬਿਨਸਣ ਤੇ ਵਿਗਸਣ ਨੂੰ ਵੇਖਣ ਵਾਲੀ ਅੱਖ ਚਾਹੀਦੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸਮੁੱਚੇ ਸੰਗ੍ਰਹਿ ਵਿਚ ਸਮਾਜਕ ਯਥਾਰਥ ਅਲੋਪ ਹੈ। ਪੰਜਾਬ ਦੁਖਾਂਤ ਤਾਂ ਇਸ ਸੰਗ੍ਰਹਿ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਗਾਇਬ ਹੈ। ਹਾਲਾਂ ਕਿ ਪਿਛਲੇ ਦਹਾਕੇ ਵਿਚ ਪੰਜਾਬ ਹੀ ਨਹੀਂ, ਭਾਰਤ ਅਤੇ ਕੌਮਾਂਤਰੀ ਪੱਧਰ ਤੇ ਅਜੇਹੀਆਂ ਘਟਨਾਵਾਂ ਅਤੇ ਤਬਦੀਲੀਆਂ ਵਾਪਰੀਆਂ ਹਨ ਕਿ ਅਣਗੌਲੀਆਂ ਕਰਨ ਵਾਲੀਆਂ ਨਹੀਂ। ਪੰਜਾਬ ਸੰਕਟ ਦੀ ਭਿਆਨਕਤਾ, ਇਸ ਦੀਆਂ ਅਨੇਕ ਪਰਤਾਂ ਸਮੇਤ ਸਾਡੀ ਕਵਿਤਾ ਅਤੇ ਲੋਕਾਂ ਦੀ ਚੇਤਨਾ ਤੇ ਛਾਇਆ ਰਿਹਾ ਹੈ। ਰਾਸ਼ਟਰੀ ਪੱਧਰ ਤੇ ਹਾਕਮਾਂ ਜਮਾਤਾਂ ਦੇ ਰਾਜਸੀ, ਆਰਥਿਕ ਅਤੇ ਸਭਿਆਚਾਰਕ ਸੰਕਟ ਦੀਆਂ ਅਨੇਕ ਪਰਤਾਂ ਇਹਨਾਂ ਵਰ੍ਹਿਆਂ ਵਿਚ ਖੁੱਲ੍ਹੀਆਂ ਹਨ, ਇਸ ਸੰਗ੍ਰਹਿ 'ਚ ਸਮੁੱਚਾ ਸਮਾਜਕ ਸੱਚ ਅਲੋਪ ਹੈ। ਇਸ ਦਾ ਕਾਰਨ ਇਹ ਨਹੀਂ ਕਿ ਸ਼ਾਮਿਲ ਕਵੀਆਂ ਨੇ ਇਹਨਾਂ ਮਸਲਿਆਂ ਨੂੰ ਛੋਹਿਆ ਹੀ ਨਹੀਂ ਸਗੋਂ ਚੋਣਕਾਰ ਨੇ ਆਪਣੀ ਸਮਝ ਮੁਤਾਬਕ ਉਹਨਾਂ ਸਭ ਕਵਿਤਾਵਾਂ ਦੀ ਛਾਂਟੀ ਕਰ ਦਿੱਤੀ ਹੈ, ਜਿਹਨਾਂ 'ਚੋਂ ਅਜੋਕਾ ਸਾਹਿਤਕ ਸਮਾਜਕ ਯਥਾਰਥ ਰਤਾ ਮਾਤਰ ਵੀ ਝਲਕਦਾ ਸੀ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਅੰਦਰਲ ਟੁੱਟ-ਭੱਜ, ਜਨਮਦੀ ਕਿਵੇਂ ਹੈ ? ਕੀ ਇਹ ਮੁੱਖ ਰੂਪ ਵਿਚ, ਬਾਹਰਲੀਆਂ ਤਬਦੀਲੀਆਂ ਤੇ ਕਾਰਨਾਂ ਦਾ ਸਿੱਟਾ ਨਹੀਂ ਹੁੰਦੀ ?

ਕਵੀ ਨੇ ਇਕ ਗੀਤਕਾਰ, ਇਕ ਗ਼ਜ਼ਲਗੋ ਨੂੰ ਛੱਡ ਕੇ ਬਾਕੀ ਆਜ਼ਾਦ ਨਜ਼ਮ ਦੇ ਕਵੀ ਸ਼ਾਮਿਲ ਕੀਤੇ ਹਨ। ਸ਼ਾਇਦ ਕਵੀ ਨੂੰ ਵਾਰਤਕਮਈ ਤਾਲ-ਰਹਿਤ ਕਵਿਤਾ ਹੀ ਪੰਜਾਬੀ ਕਵਿਤਾ ਦੀ ਪ੍ਰਤੀਨਿਧਤਾ ਕਰਦੀ ਪ੍ਰਤੀਤ ਹੁੰਦੀ ਹੈ।

ਸਪੱਸ਼ਟ ਹੈ ਕਿ ਇਹ ਸੰਗ੍ਰਹਿ ਪਿਛਲੇ ਦਹਾਕੇ ਦੇ ਨਵੇਂ ਕਵੀਆਂ ਦੀ ਸਮੁੱਚੀ ਕਵਿਤਾ ਦੀ ਪ੍ਰਤੀਨਿਧਤਾ ਕਰਨ ਤੇ ਦਸਤਾਵੇਜ਼ ਬਣਨ ਤੋਂ ਬਹੁਤ ਉਰੇ-ਉਰੇ ਹੀ ਰਹਿ ਜਾਂਦਾ ਹੈ। ਆਖ਼ਰ ਇਸ ਦਾ ਕਾਰਨ ਕੀ ਹੈ ? ਕਾਰਨ ਸੰਪਾਦਕ ਦੀ ਚੋਣ, ਉਸ ਦੇ ਦ੍ਰਿਸ਼ਟੀ-ਕੋਣ, ਪ੍ਰਤੀਬੱਧਤਾ ਦੀ ਘਾਟ ਤੇ ਕਲਾ-ਕਲਾ ਲਈ ਦੇ ਸਾਹਿਤਕ ਉਦੇਸ਼ 'ਚੋਂ ਲੱਭੇ ਜਾ ਸਕਦੇ ਹਨ।

(ਹ. ਸ. ਹ.)

## ਸੂਹੀ ਮਹਿਕ ਸਿਆਹ ਮੌਸਮ

ਸ਼ਾਇਰ ਐਸ. ਤਰਸੇਮ

ਡਾ. ਐਸ. ਤਰਸੇਮ ਪੰਜਾਬੀ ਸਾਹਿਤਕ ਹਲਕਿਆਂ ਵਿਚ ਇਕ ਜਾਣਿਆ ਪਹਿਚਾਣਿਆਂ ਨਾਮ ਹੈ। 'ਸੂਹੀ ਮਹਿਕ ਸਿਆਹ ਮੌਸਮ' ਤੋਂ ਪਹਿਲਾਂ ਗ਼ਜ਼ਲ, ਕਹਾਣੀ, ਆਲੋਚਨਾ ਅਤੇ ਸੰਪਾਦਨ ਸੰਗ੍ਰਹਿਆਂ ਰਾਹੀਂ ਉਸਦੀ ਪਹਿਚਾਣ ਪਹਿਲੋਂ ਹੀ ਇਕ ਖੱਬੇ ਪੱਖੀ ਤੇ ਅਗਾਂਹਵਧੂ ਸਾਹਿਤਕਾਰ ਵਜੋਂ ਬਣ ਚੁੱਕੀ ਹੈ। ਹੱਥਲਾ ਕਾਵਿ ਸੰਗ੍ਰਹਿ ਵੀ ਉਸਦੀ ਇਸੇ ਸੋਚ ਦਾ ਵਿਕਾਸਮਈ ਪ੍ਰਮਾਣ-ਪੱਤਰ ਹੈ। ਇਕ ਗੱਲ ਇਥੇ ਧਿਆਨ ਹਿੱਤ ਇਹ ਹੈ ਕਿ ਉਹ ਭਾਵੁਕ, ਰੋਮਾਂਟਿਕ ਪ੍ਰਗਤੀਵਾਦ ਦਾ ਕਾਇਲ ਲੇਖਕ ਨਹੀਂ। ਮੱਧਮ ਸੁਰ ਵਿਚ ਤਿੱਖੇ ਭਾਵਾਂ ਤੇ ਸੰਘਰਸ਼ੀ ਵਿਚਾਰਾਂ ਦਾ ਸ਼ਾਇਰ/ਲੇਖਕ ਹੈ। ਬਹੁਤ ਸਾਰੇ ਸ਼ਿਅਰ ਉਸਦੀ ਏਸੇ ਵੱਖਰਤਾ ਨੂੰ ਪੱਕਿਆਂ ਕਰਦੇ ਹਨ।

ਟੱਕਰ ਵਿਰੋਧ ਵਿਚੋਂ ਜਿਹੜੀ ਵੀ ਚਿਣਗ ਨਿਕਲੇ  
ਸਿਰਲੇਖ ਪਾ ਗ਼ਜ਼ਲ ਦਾ ਚਾਨਣ ਦੀ ਵਾਰ ਲਿਖਦਾਂ

ਕੁਝ ਵੀ ਨਹੀਂ ਰੁਮਾਂਟਿਕ ਮੇਰੀ ਗ਼ਜ਼ਲ ਦੇ ਅੰਦਰ  
ਫੁੱਲਾਂ ਨੂੰ ਫੁੱਲ ਲਿਖਦਾਂ, ਖਾਰਾਂ ਨੂੰ ਖਾਰ ਲਿਖਦਾਂ (ਪੰਨਾ-55)

ਐਸ. ਤਰਸੇਮ ਦ ਹੱਥਲੇ ਸੰਗ੍ਰਹਿ ਵਿਚ ਗ਼ਜ਼ਲਾਂ, ਗੀਤ ਅਤੇ ਕਵਿਤਾਵਾਂ ਸ਼ਾਮਲ ਹਨ। ਆਰੰਭ 'ਚ ਡਾ. ਧਰਮਪਾਲ ਸਿੰਗਲ ਤੇ ਜੋਗਾ ਸਿੰਘ ਦੇ ਐਸ. ਤਰਸੇਮ ਦੀ ਸ਼ਾਇਰੀ ਬਾਰੇ ਪ੍ਰਸ਼ੰਸਾਤਮਕ ਲੇਖ ਵੀ ਹਨ। ਇਸ ਕਾਵਿ-ਪੁਸਤਕ ਦਾ ਬਹੁਤਾ ਸਰੋਕਾਰ ਪੰਜਾਬ ਦੇ ਸੰਤਾਪੇ ਮਾਹੌਲ ਨਾਲ ਹੈ। ਪਿਛਲੇ ਵਰ੍ਹਿਆਂ ਤੋਂ ਹੰਢਾਇਆ ਜਾ ਰਿਹਾ ਦੁੱਖ, ਸੰਤਾਪ ਅਤੇ ਜਬਰ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਟੁੰਬਦਾ ਰਿਹਾ ਹੈ। ਇਸ ਟੁੰਬਣ ਵਿਚ ਫਿਰਕਾਪ੍ਰਸਤੀ ਦੀ ਭਾਵਨਾ ਵੀ ਪ੍ਰਬਲ ਰਹੀ ਹੈ ਤੇ ਨਿਰਪੱਖਤਾ ਸਹਿਤ ਇਸ ਸੰਤਾਪ ਦੇ ਵਿਰੋਧ ਵਿਚ ਅਜਿਹੀ ਸੁਰ ਵੀ ਬਲਵਾਨ ਹੋਈ ਹੈ ਜਿਸ ਨੇ ਫਿਰਕਾਪ੍ਰਸਤੀ ਦੀ ਅਸਲੀਅਤ ਨੂੰ ਪਹਿਚਾਣਿਆ ਹੈ, ਉਸ ਦੀਆਂ ਡੂੰਘੀਆਂ ਤੇ ਰਾਜਸੀ ਸਾਜ਼ਸ਼ਾਂ ਨੂੰ ਨੰਗਿਆਂ ਵੀ ਕੀਤਾ ਹੈ। ਅਜਿਹੀ ਹੀ ਧਿਰ ਵਿਚ ਐਸ. ਤਰਸੇਮ ਇਕ ਸ਼ਾਇਰ ਵਜੋਂ ਪ੍ਰਵੇਸ਼ ਕਰਦਾ ਹੈ। ਤਰਸੇਮ ਨੇ ਪੰਜਾਬ ਉੱਪਰ ਛਾਈ ਮੁਰਦੇ ਹਾਣੀ ਦੇ ਕੀਰਨੇ ਨਹੀਂ ਪਾਏ, ਗੁੰਮ ਗਈਆਂ ਰੀਤਾਂ ਰਸਮਾਂ ਪ੍ਰਤੀ ਜਾਗੀਰੂ ਤੇ ਭਾਵਕ ਪਹੁੰਚ ਨਹੀਂ ਅਪਣਾਈ ਸਗੋਂ ਸਮਾਜ ਦੇ ਵਿਕਾਸ ਵਿਚ ਜਮਾਤੀ ਹਿੱਤਾਂ ਦੀ ਟੱਕਰ ਨੂੰ ਉਭਾਰਿਆ ਹੈ। ਉਹ ਦੋ ਤਾਕਤਾਂ ਫਿਰਕ-ਪ੍ਰਸਤ ਤਾਕਤ ਅਤੇ ਰਾਜ ਸੱਤਾ ਤੇ ਕਾਬਜ਼ ਦੋਹਾਂ ਦੀ ਨਿਖੇਧੀ ਕਰਕੇ ਤੀਜੀ ਤਾਕਤ ਕਿਰਤੀ ਸ਼ਰੇਣੀ ਦੀ ਤਾਕਤ ਨੂੰ ਸੂਖਮ ਬਿੰਬਾਂ ਰਾਹੀਂ ਫੜਦਾ ਹੈ। ਉਸਦੀ ਵਿਚਾਰਧਾਰਕ ਦ੍ਰਿਸ਼ਟੀ ਸੱਚ ਨੂੰ ਫੜਨ ਦੀ ਅਭਿਲਾਸ਼ੀ ਹੈ :

ਕੇਸਰੀ, ਨੀਲੇ, ਹਰੇ ਰੰਗਾਂ 'ਚ ਛੁਪ ਸਕਦਾ ਨਹੀਂ
ਸੱਚ ਦਾ ਹੁੰਦਾ ਹਮੇਸ਼ਾਂ ਸਾਰਾ ਹੀ ਨੰਗਾ ਬਦਨ (ਪੰਨਾ-11)

ਛੱਡ ਦਿੱਤਾ ਓਸ ਨੂੰ ਵੀ ਵੇਖ ਲਓ ਸਾਡਾ ਨਿਜ਼ਾਮ
ਜਿਸਦੇ ਵੱਲ ਉੱਠੀ ਸਦਾ ਸੀ ਸ਼ਹਿਰ ਦੀ ਉਂਗਲੀ ਹਰੇਕ
(ਪੰਨਾ-13)

ਐਸ. ਤਰਸੇਮ ਦੇ ਇਸੇ ਸੰਗ੍ਰਹਿ ਦੀ ਹੋਰ ਵਿਸ਼ੇਸਤਾ ਵਿਅੰਗ ਹੈ। ਖੁੱਲ੍ਹੇ ਸ਼ਬਦਾਂ ਰਾਹੀਂ ਨਹੀਂ ਸਗੋਂ ਕਾਵਿ-ਸੰਰਚਨਾ ਦੀਆਂ ਅੰਦਰੂਨੀ ਤੰਦਾਂ ਰਾਹੀਂ ਕਰਦਾ ਹੈ। ਸਪੱਸ਼ਟ ਸ਼ਾਇਰੀ ਦਾ ਲਖਾਇਕ ਬਣਦਾ ਹੈ, ਇਸੇ ਕਰਕੇ ਕਈ ਵਾਰ ਉਹ ਸਫਲ ਭਾਵਾਂ ਦੀ ਸੂਖਮ ਵਿਅੰਗਮਈ ਕਾਵਿ-ਅਭਿਵਿਅਕਤੀ ਕਰ ਜਾਂਦਾ ਹੈ। ਭਾਵੇਂ ਉਹ ਗ਼ਜ਼ਲ ਰਚਨਾਂ ਵਿਚ ਵੀ ਸੁਚੇਤ ਹੈ ਪਰ ਦਰਪੇਸ਼ ਮਸਲਿਆਂ ਤੇ ਰਾਜਨੀਤੀ ਦੀ ਉਧੇੜਤਾ ਲਈ ਉਹ ਵਿਚਾਰਾਂ ਦੇ ਵਹਿਣਾ ਨੂੰ ਗ਼ਜ਼ਲ ਨਾਲੋਂ ਫਿਰ ਖੁਲ੍ਹੀ ਕਵਿਤਾ ਨੂੰ ਤਰਜੀਹ ਦਿੰਦਾ ਜਾਪਦਾ ਹੈ। ਮੇਰੀ ਜਾਚੇ ਉਸ ਦੀਆਂ ਖੁਲ੍ਹੀਆਂ ਕਵਿਤਾਵਾਂ ਦੀ ਬੁਨਿਆਦ ਹੀ ਇਹੋ ਹੈ। 'ਅਫਵਾਹਾਂ ਬਨਾਮ ਸੱਚ', 'ਸੁਨੇਹਾ' ਕਵਿਤਾਵਾਂ ਨੂੰ ਪੜ੍ਹਦਿਆਂ ਅਜਿਹਾ ਹੀ ਆਭਾਸ ਹੁੰਦਾ ਹੈ।

ਮੁੱਖ ਤੌਰ ਤੇ ਉਹ ਗ਼ਜ਼ਲਗੋ ਹੈ, ਜ਼ਿਹੜਾ ਸ਼ਿਅਰਾਂ ਦੇ ਵਜ਼ਨ ਬਹਿਰ ਵੱਲ ਪੂਰੀ ਤਵੱਜੋ ਦਿੰਦਾ ਹੈ। ਇਥੇ ਉਹ ਰੂਪ ਨੂੰ ਹੀ ਅਹਿਮ ਨਹੀਂ ਸਮਝਦਾ ਸਗੋਂ ਵੱਥ ਨੂੰ ਵੀ ਪੂਰਨ ਮਹੱਤਵ ਦਿੰਦਾ ਹੈ। ਇਹ ਸੰਤੁਲਨ ਪੰਜਾਬੀ ਸ਼ਾਇਰੀ ਵਿਚ ਵਿਰਲਿਆਂ ਦੇ ਹੱਥ



ਆਇਆ ਹੈ। ਐਸ. ਤਰਸੇਮ ਦੀਆਂ ਬਹੁਤ ਸਾਰੀਆਂ ਗ਼ਜ਼ਲਾਂ 'ਚੋਂ ਇਸ ਨੂੰ ਪੁਸ਼ਟ ਕੀਤਾ ਜਾ ਸਕਦਾ ਹੈ ਕਿ ਜਿਥੇ ਉਹ ਗ਼ਜ਼ਲ ਦੇ ਰੂਪ ਪ੍ਰਤੀ ਸਜੱਗ ਹੈ ਉਥੇ ਵਸਤੂ ਨੂੰ ਪ੍ਰਤੀਕਾਂ ਰਾਹੀਂ ਪ੍ਰਗਟਾਉਂਦਾ ਹੈ। ਨਿਰੀ ਤੁਕਬੰਦੀ ਉਸਦੀ ਗ਼ਜ਼ਲ ਦਾ ਹਿੱਸਾ ਨਹੀਂ। ਇਹ ਪ੍ਰਾਪਤੀ ਜਿਥੇ ਪੰਜਾਬੀ ਗ਼ਜ਼ਲ ਦੀ ਹੈ ਉਥੇ ਐਸ: ਤਰਸੇਮ ਦੀ ਕਲਾ ਪ੍ਰਬੀਨਤਾ ਦੀ ਵੀ ਹੈ। ਕੁਝ ਸ਼ਿਅਰ ਪੇਸ਼ ਹਨ :

ਹਰ ਕਦਮ 'ਤੇ ਸੱਪ ਜੋ ਮਿਲਦੇ ਰਹੇ
ਮੋਰ ਸਾਨੂੰ ਪੈਣਗੇ ਕੁਝ ਪਾਲਣੇ (ਪੰਨਾ-34)

ਕੀ ਪਤਾ ਸੀ ਟੁੱਟ ਕੇ ਕਿਰਚਾਂ ਬਣੂੰ, ਜ਼ਖਮੀ ਕਰੂ
ਕੱਚ ਦਾ ਫੁੱਲਦਾਨ ਜੋ ਘਰ ਵਿਚ ਸਜਾ ਸੀ ਰੱਖਿਆ (ਪੰਨਾ-37)

ਮੁਨਸਫ਼ਾਂ ਤੇ ਮੁਜਰਮਾਂ ਦੀ ਏਕਤਾ ਨੂੰ ਵੇਖ ਕੇ
ਸ਼ਹਿਰ 'ਚੋਂ ਤਰਸੇਮ ਤੋਂ ਚੁੱਪ-ਚਾਪ ਨਾ ਲੰਘਿਆ ਗਿਆ (ਪੰਨਾ-51)

ਗ਼ਜ਼ਲਾਂ ਕਾਵਤਾਵਾਂ ਤੋਂ ਬਿਨਾਂ ਸੰਗ੍ਰਹਿ ਵਿਚ ਪੰਜ ਗੀਤ ਵੀ ਸ਼ਾਮਲ ਹਨ, ਜਿਹੜੇ ਲੋਕ ਗੀਤਾਂ ਦੇ ਮੋਟਿਫਾਂ ਤੇ ਹਨ। ਅੰਮੀਏ ਨੀ, ਮਾਏ ਨੀ, ਸੱਜਣਾ ਜੀ ਸੰਬੋਧਨੀ ਸੁਰਾਂ ਨਾਲ ਅਜੋਕੇ ਹਾਲਾਤ ਨਾਲ ਬਰ ਮੇਚਦੇ ਹਨ। ਗੀਤਾਂ ਵਿਚ ਪ੍ਰਗੀਤਕ ਅੰਸ਼ ਹੈ। ਮੋਟੇ ਤੌਰ 'ਤੇ ਐਸ. ਤਰਸੇਮ ਦਾ ਇਹ ਸੰਗ੍ਰਹਿ ਸਿਆਹ ਮੌਸਮ ਵਿਚ ਸੂਹੀ ਮਹਿਕ ਦਾ ਜਿਊਂਦਾ ਜਾਗਦਾ ਪ੍ਰਮਾਣ ਹੈ ਕਿ ਲੋਕ ਸ਼ਕਤੀ ਅਤੇ ਕਿਰਤੀ ਜਮਾਤ ਸੁਚੇਤ ਹੈ।

ਪ੍ਰੋ. ਸਰਬਜੀਤ ਸਿੰਘ ਨਾਰੰਗਵਾਲ,
380, ਸੈਕਟਰ-45-ਏ, ਚੰਡੀਗੜ੍ਹ।

## ਮੱਸਿਆ ਤੇ ਗੁਲਾਬੀ ਲੋਅ (ਕਵਿਤਾਵਾਂ)

ਡਾ. ਗੁਰਮਿੰਦਰ ਕੌਰ ਸਿੱਧੂ

'ਮੱਸਿਆ ਤੇ ਗੁਲਾਬੀ ਲੋਅ' ਡਾ: ਗੁਰਮਿੰਦਰ ਕੌਰ ਸਿੱਧੂ ਦਾ ਸੱਜਰਾ ਕਾਵਿ-ਸੰਗ੍ਰਹਿ ਹੈ। ਸਿੱਧੂ ਦੀ ਕਵਿਤਾ ਨੇ ਬੜੀ ਤੇਜ਼ੀ ਨਾਲ ਤੇ ਹੈਰਾਨੀਜਨਕ ਵਿਕਾਸ ਕੀਤਾ ਹੈ ਤੇ ਹੁਣ ਉਹ ਨਵੀਂ ਪੀੜ੍ਹੀ ਦੇ ਚੰਗੇ ਕਵੀਆਂ ਵਿਚ ਸ਼ਾਮਲ ਹੋ ਚੁੱਕੀ ਹੈ।

ਪਿਛਲੇ ਕੁੱਝ ਸਾਲਾਂ ਤੋਂ ਪੰਜਾਬੀ ਕਵਿਤਾ ਦੇ ਖੇਤਰ ਵਿਚ ਕਵਿੱਤਰੀਆਂ ਦੀ ਰਚਨਾ ਦਾ ਵੱਖਰੇ ਤੌਰ ਤੇ ਜ਼ਿਕਰ ਹੋਣ ਲੱਗਾ ਹੈ ਤੇ ਇੰਝ ਅਨਭਵ ਦੇ ਖੇਤਰ ਵਿਚ, ਨਵੇਂ ਪਾਸਾਰ ਦ੍ਰਿਸ਼ਟੀ ਗੋਚਰ ਹੋਣ ਲੱਗੇ ਹਨ। ਪਰ ਨਾਲ ਦੀ ਨਾਲ ਇਹ ਗੱਲ ਵੀ ਵਿਚਾਰਨ ਯੋਗ ਹੈ ਕਿ ਪੰਜਾਬੀ ਵਿਚ ਵਧੇਰੇ ਇਸਤਰੀ ਲੇਖਕਾਵਾਂ ਪ੍ਰੀਵਾਰਕ ਜੀਵਨ ਵਿਚ ਅਸੰਤੁਸ਼ਟ ਹੋਣ ਕਾਰਨ, ਸੰਤੁਲਿਤ ਸਮਾਜੀ ਜੀਵਨ ਤੋਂ ਵਿਰਵੀਆਂ ਹਨ। ਸਿੱਟੇ ਵਜੋਂ ਉਲਾਰ ਬਿਰਤੀ, ਉਲਾਰ ਰਚਨਾ ਨੂੰ ਈ ਜਨਮ ਦਿੰਦੀ ਹੈ ਤੇ ਬਹੁਤ ਵੇਰ ਸਮਾਜਕ ਹਾਲਤਾਂ ਨੂੰ ਅਣਗੌਲਿਆਂ ਕਰਕੇ ਸਿਰਫ ਮਰਦ ਦੇ ਵਿਰੁਧ ਆਪਣਾ ਗੁੱਸਾ ਤੇ ਗਿਲਾ ਪ੍ਰਗਟ ਕੀਤਾ ਜਾਂਦਾ ਹੈ। ਡਾ:

ਸਿੱਧੂ ਦੀ ਅਜੇਹੀ ਕੋਈ ਮਨੋਵਿਗਿਆਨਕ ਤੇ ਮਾਨਸਕ ਸਮੱਸਿਆ ਜ਼ਾਂ ਉਲਝਣ ਨਹੀਂ। ਉਹ ਭਰਪੂਰ ਪ੍ਰੀਵਾਰਕ ਜੀਵਨ ਬਿਤਾ ਰਹੀ, ਸੰਤੁਸ਼ਟ ਦ੍ਰਿਸ਼ਟੀਕੋਣ ਦਾ ਸਿਹਤਮੰਦ ਪ੍ਰਗਟਾਵਾ ਕਰਦੀ ਹੈ।

ਸੱਜਰੇ ਸੰਗ੍ਰਹਿ ਵਿਚ ਵਧੇਰੇ ਕਵਿਤਾਵਾਂ ਪੰਜਾਬ-ਦੁਖਾਂਤ ਨਾਲ ਸਬੰਧਤ ਹਨ। ਉਸ ਨੇ ਪੰਜਾਬ ਸੰਕਟ ਦੀਆਂ ਕਈ ਪਰਤਾਂ ਨੂੰ ਆਪਣੀ ਰਚਨਾ ਵਿਚ ਖੋਲ੍ਹਿਆ ਹੈ। ਉਸਦੀ ਕਵਿਤਾ ਵਿਚ ਉਤਸ਼ਾਹ, ਤੇ ਆਸ ਦੀ ਮਾਤਰਾ ਇਤਨੀ ਘਣੇਰੀ ਹੈ ਕਿ ਅਤਿ ਦੇ ਔਖੇ ਤੇ ਉਦਾਸ ਮਾਹੌਲ ਵਿਚ ਵੀ, ਉਹ ਆਪਣੇ ਮਨੋ-ਬਲ ਨੂੰ ਡੋਲਣ ਨਹੀਂ ਦਿੰਦੀ ਤੇ ਇਹ ਰੁਝਾਨ ਉਸਨੂੰ ਬਾਕੀ ਇਸਤਰੀਆਂ ਕਵੀਆਂ ਨਾਲੋਂ ਨਿਖੇੜਦਾ ਹੈ।

ਭਾਵੇਂ ਸੋਚ ਜੰਗਾਲੀ ਹੈ ਤਾਕਤਾਂ ਦੀ
ਭਾਵੇਂ ਧਰਤ ਹੰਗਾਲੀ ਹੈ ਆਫਤਾਂ ਦੀ
ਚਾਂਦੀ ਚਸ਼ਮਿਆਂ ਪਾਣੀ ਛਣਕਾਈ ਜਾਣੈ
ਖਿੜਨੈ ਮੋਤੀਆ, ਬੁਲਬੁਲਾਂ ਗਾਈ ਜਾਣੈ (ਪੰਨਾ-13,

ਅਤੇ ਖੌਰੂ ਪਾਉਂਦੇ ਜਾਂਦੇ ਸਕੂਟਰਾਂ ਤੇ ਜਿਪਸੀਆਂ
ਤੋਂ ਦਹਿਲ ਕੇ
ਪਰ ਫਿਰ ਵੀ ਗੋਲੀਆਂ ਦੀ ਠਾਹ-ਠਾਹ
ਬੰਦ ਹੋਣ ਤੇ,
ਲਟਬੌਰਿਆਂ ਦੀ ਟੋਲੀ ਨੇ ਬਾਹਰ ਆ ਹੀ ਜਾਣਾ ਹੈ।

ਦਹਿਸ਼ਤ ਦੇ ਦਿਨਾਂ ਵਿਚ ਵੀ, ਜ਼ਿੰਦਗੀ ਵਿਕਾਸ ਕਰਨੋਂ ਨਹੀਂ ਰੁਕਦੀ, ਤੇ ਚੰਗੇਰੇ ਦਿਨਾਂ ਦੀ ਆਸ ਮੱਧਮ ਨਹੀਂ ਹੁੰਦੀ !

ਸਿਵੇਂ ਮੱਚਦੇ ਰਹੇ, ਭੂਤ ਨੱਚਦੇ ਰਹੇ,
ਫਿਰ ਵੀ ਪਰਲੇ ਦਰੋਂ, ਕਰਮਾਂ ਵਾਲੇ ਘਰੋਂ
ਕੋਈ ਹੇਕ ਸੁਹਾਗ ਦੀ ਆਉਂਦੀ ਰਹੀ

ਗੁਰਮਿੰਦਰ ਨੇ ਵਧੇਰੇ ਕਰਕੇ ਖੁੱਲ੍ਹੀ ਕਵਿਤਾ ਲਿਖੀ ਹੈ, ਜਿਸ ਵਿਚ, ਬਹੁਤ ਵੇਰ ਲੈ ਤੇ ਧੀਮੇਂ ਤਾਲ ਦਾ ਪ੍ਰਯੋਗ ਕੀਤਾ ਹੁੰਦਾ ਹੈ। ਉਸ ਨੇ ਇਸ ਸੰਗ੍ਰਹਿ ਵਿਚ ਕੁਝ ਗੀਤ ਵੀ ਪੇਸ਼ ਕੀਤੇ ਹਨ। ਗੀਤਾਂ ਦੀ ਪ੍ਰੇਰਨਾ ਲੋਕ-ਗੀਤਾਂ ਦੇ ਵਿਰਸੇ ਤੋਂ ਪ੍ਰਾਪਤ ਕੀਤੀ ਹੈ। ਦੋ ਤਿੰਨ ਨਜ਼ਮਾਂ ਅਜੇਹੀਆਂ ਹਨ, ਜਿਹਨਾਂ ਨੂੰ ਸਿਰਲੇਖ ਦੇ ਕੇ ਨਜ਼ਮ ਦਾ ਰੂਪ ਦੇ ਦਿੱਤਾ ਹੈ। ਅਜੇਹੀਆਂ ਰਚਨਾਵਾਂ ਵਿਚ ਗ਼ਜ਼ਲ ਦੇ ਸਾਰੇ ਗੁਣ ਹਨ, ਸਿਵਾਏ ਵਜਨ ਤੋਂ, ਤੇ ਲੋੜੀਂਦੇ ਅਭਿਆਸ ਨਾਲ ਉਹ ਸਫਲ ਗ਼ਜ਼ਲ ਲਿਖ ਸਕਦੀ ਹੈ।

ਡਾ. ਗੁਰਮਿੰਦਰ ਦੀ ਸ਼ਾਇਰੀ ਜਨ-ਸਾਧਾਰਨ ਦੇ ਦੁੱਖਾਂ ਤਕਲੀਫਾਂ ਤੇ ਦਰਦ ਦੀ ਗੱਲ, ਸਲੀਕੇ ਨਾਲ ਕਰਦੀ ਹੈ। ਉਹ ਨਿਰਦੋਸ਼ ਮਾਰੇ ਗਏ ਲੋਕਾਂ ਲਈ ਹਉਕਾ ਭਰਦੀ ਹੈ।



ਉਸ ਨੇ ਕਾਤਲਾਂ ਹੱਥੋਂ ਸਿਰਜੇ ਖ਼ੌਫ ਤੇ ਦਹਿਸ਼ਤ ਦੇ ਮਾਹੌਲ ਦਾ ਚਿਤਰਨ ਕਰਦੇ ਹੋਏ ਚੰਗੇਰੇ ਦਿਨਾਂ ਦੀ ਤਾਂਘ ਨੂੰ ਮਰਨ ਨਹੀਂ ਦਿੱਤਾ। ਸੰਕਟ ਕਾਵਿ ਵਿਚ ਡਾ. ਗਰਮਿੰਦਰ ਦੀ ਨਰੋਈ ਕਵਿਤਾ ਜ਼ਿਕਰ ਯੋਗ ਹਿੱਸਾ ਪਾਉਂਦੀ ਹੈ। ਇਸ ਸ਼ਾਇਰੀ ਵਿਚ ਨਵਾਂ-ਪਨ ਹੈ, ਆਪਣਾ ਵੱਖਰਾ ਰੰਗ ਹੈ। ਉਸ ਨੇ, ਅੰਮ੍ਰਿਤਾ ਪ੍ਰੀਤਮ ਦੇ, "ਅੱਜ ਆਖਾਂ ਵਾਰਸ ਸ਼ਾਹ ਨੂੰ, ਕਿਤੇ ਕਬਰਾਂ ਵਿਚੋਂ ਬੋਲ", ਵਾਲੇ ਨਰੋਏ ਤੇ ਮਨੁੱਖਵਾਦੀ ਵਿਰਸੇ ਨੂੰ ਅਜੋਕੇ ਪ੍ਰਸੰਗ ਵਿਚ ਹੋਰ ਅੱਗੇ ਖੜਿਆ ਹੈ। ਉਸਦੀ ਰਚਨਾ ਖ਼ੌਫ ਤੇ ਦਹਿਸ਼ਤ ਦੀ ਕਾਲੀ ਰਾਤ ਵਿਚ, ਗੁਲਾਬੀ ਲੋਅ ਕਰਕੇ, ਡਰੇ ਤੇ ਹਰਾਸੇ ਦਿਲਾਂ ਨੂੰ ਧਰਵਾਸ ਦਿੰਦੀ ਹੈ। ਉਸ ਦੀਆ ਰਚਨਾ ਵਿਚ ਹਵਾਲਾ-ਯੋਗ ਪੰਗਤੀਆਂ ਥਾਂ ਪਰ ਥਾਂ ਜੜੀਆਂ ਮਿਲਦੀਆਂ ਹਨ। ਪਰ ਉਸ ਦੀ ਛੰਦ-ਬੱਧ ਕਵਿਤਾਵਾਂ ਵਿਚ, ਕਿਤੇ ਕਿਤੇ ਵਜ਼ਨ ਪੱਖੋਂ ਮਾਤਰਾ ਵਧ ਤੇ ਘੱਟ ਹੁੰਦੀਆਂ ਹਨ, ਪ੍ਰਮਾਣਿਕਤਾ ਤੇ ਪਕਿਆਈ ਪ੍ਰਾਪਤ ਕਰਨ ਲਈ ਅਭਿਆਸ ਦੀ ਜ਼ਰੂਰਤ ਹੈ ਆਸ ਹੈ। ਡਾ. ਸਿੱਧੂ ਇਹਨਾਂ ਨਿੱਕੀਆਂ ਤਰੁੱਟੀਆਂ ਪ੍ਰਤੀ ਸਾਵਧਾਨੀ ਵਰਤੇਗੀ। ਉਸ ਦੀਆਂ ਕੁੱਝ ਕਵਿਤਾਵਾਂ ਨੇ ਪਿਛਲੇ ਵਰ੍ਹਿਆਂ ਵਿਚ ਚੰਗਾ ਨਾਮਣਾ ਖੱਟਿਆ ਹੈ ਜਿਵੇਂ 'ਗੁੱਤ' 'ਤੇ 'ਨਾ, ਮੰਮੀ ਨਾ' ਆਦਿ। ਆਸ ਹੈ ਕਿ ਡਾ: ਸਿੱਧੂ ਆਪਣੇ ਪਛਾਣ ਮਾਰਗ ਤੇ ਸਫਲਤਾ ਤੇ ਦ੍ਰਿੜਤਾ ਨਾਲ ਅਗੇਰੇ ਵਧੇਗੀ। ਇਹ ਟਿੱਪਣੀ ਮੈਂ ਉਸ ਦੀਆਂ ਇਹਨਾਂ ਤੁੱਕਾਂ ਨਾਲ ਖ਼ਤਮ ਕਰਦਾ ਹਾਂ।

ਚੁੰਨੀਆਂ ਧੀਆਂ ਵਰਗੀਆਂ ਹੁੰਦੀਆਂ ਨੇ
ਤੇ ਧੀਆਂ ਚੁੰਨੀਆਂ ਵਰਗੀਆਂ ਹੁੰਦੀਆਂ ਨੇ
ਮਹਿਕਾਂ ਧੀਆਂ ਵਰਗੀਆਂ ਹੁੰਦੀਆ ਨੇ
ਤੇ ਧੀਆਂ ਮਹਿਕਾਂ ਵਰਗੀਆਂ ਹੁੰਦੀਆਂ ਨੇ
ਨੂੰਹਾਂ ਧੀਆਂ ਵਰਗੀਆਂ ਹੁੰਦੀਆਂ ਨੇ
ਤੇ ਧੀਆਂ ਵੀ ਕਿਸੇ ਦੀਆਂ ਨੂੰਹਾਂ ਹੁੰਦੀਆਂ ਨੇ !!

(ਹ. ਸ. ਜ.)

—o—

## ਤੁਹਾਡੇ ਖ਼ਤ

ਜਨਾਬ ਹੁੰਦਲ ਸਾਹਿਬ,

ਮਾਰਕਸੀ ਸੁਹਜ ਦੀ ਗੱਲ ਤੋਰਨਾ ਚੰਗਾ ਉੱਦਮ ਹੈ, ਵਿਸ਼ੇਸ ਅੰਕ ਲਈ ਮੇਰੀਆਂ ਸ਼ੁਭ ਕਾਮਨਾਵਾਂ ਕਬੂਲ ਕਰੋ। ਸਾਹਿਤ ਬਾਰੇ ਗੱਲ ਕਰਨ ਦਾ ਸਾਡਾ ਅੰਦਾਜ਼ academic ਹੈ ਤੇ ਅਸੀਂ ਇਸ ਅੰਕ ਲਈ ਲਿਖਣ ਵਾਲੇ ਵਿਦਵਾਨਾਂ ਤੋਂ ਇਕ ਦਮ ਨਵੀਂ ਲੀਹ ਪਾਉਣ ਦੀ (ਸਾਹਿਤਕ) ਬਾਹਲੀ ਆਸ ਨਹੀਂ ਰੱਖ ਸਕਦੇ। ਚੰਗਾ ਹੋਵੇ ਜੇ ਕਵਿਤਾ ਦੇ ਸੁਹਜ ਬਾਰੇ ਕਿਸੇ ਤੋਂ ਕੋਈ ਲੇਖ ਲਿਖਵਾ ਸਕੋ। ਸਾਡੇ ਕਵਿਤਾ ਦੀ ਗ਼ੱਲ ਵੀ ਵਾਰਤਕ ਮਿਜ਼ਾਜ ਵਿਚ ਹੀ ਹੰਦੀ ਹੈ। ਕਵਿਤਾ ਲਫਜ਼ਾਂ ਦੀਆਂ ਖ਼ੂਬਸੂਰਤ ਸੰਭਾਵਨਾਵਾਂ ਦਾ ਨਾਂ ਹੈ ਤੇ ਇਸ ਨੁਕਤੇ ਨੂੰ ਅਸੀਂ ਅਕਸਰ ਨਜ਼ਰ ਅੰਦਾਜ਼ ਕਰ ਦਿੰਦੇ ਹਾਂ। ਕਵਿਤਾ ਦੇ ਦਿਤੇ ਅਹਿਸਾਸ ਦੇ ਮਿਜ਼ਾਜ ਦੀ ਅਸੀਂ ਗੱਲ ਨਹੀਂ ਕਰਦੇ, ਨਾ ਇਸ ਨਾਲ ਜਾਗਦੇ ਜਜ਼ਬਿਆਂ ਉੱਤੇ ਕੋਈ ਤਬਸਰਾ ਕਰਦੇ ਹਾਂ। ਤਸੱਵਰ ਦੇ ਸੁਹਜ ਦਾ ਸਾਡੇ ਕਦੀ ਜ਼ਿਕਰ ਨਹੀਂ ਹੁੰਦਾ ਨਾ ਖਿਆਲਾਂ ਦੇ ਰੰਗਾਂ ਵੱਲ ਸਾਡੀ ਨਜ਼ਰ ਜਾਂਦੀ ਹੈ। ਕੋਈ ਇਸ ਤਰ੍ਹਾਂ ਦਾ ਲੇਖ, ਗੱਲ ਕਵਿਤਾ ਦੀ ਜੇ ਮਾਰਕਸੀ ਜ਼ੁਬਾਨ ਜਾਂ ਮਾਰਕਸੀ ਨਜ਼ਰ ਤੇ ਕਵਿਤਾ ਹੋ ਜਾਵੇ ਤੇ ਚੰਗਾ ਰਹੇ। ਮੈਨੂੰ ਆਸ ਹੈ ਤਰੱਕੀ ਪਸੰਦ ਲਹਿਰ ਬਾਰੇ ਵੀ ਜ਼ਰੂਰ ਕੁੱਝ ਪੜ੍ਹਨ ਨੂੰ ਮਿਲੇਗਾ, ਇਸ ਲਹਿਰ ਨੇ ਨਾਵਲ ਵਿਚ ਹੀਰੋ ਦੇ Image ਉਤੇ ਕੀ ਅਸਰ ਪਾਇਆ, ਘਟਨਾਵਾਂ ਨੂੰ ਕਿਸ ਤਰਾਂ ਦੇ ਮੋੜ ਦਿਤੇ, ਪਲਾਟ ਨੂੰ ਜ਼ਿੰਦਗੀ ਦੀਆਂ ਕਿਦਾਂ ਦੀਆਂ ਸੁਹਜ ਸੰਭਾਵਨਾਵਾਂ ਦਿੱਤੀਆਂ, ਕੋਈ ਇਸ ਬਾਰੇ ਗੱਲ ਕਰਨ ਵਾਲਾ ਲੇਖਕ ਵੀ ਦੇਖੋ।

ਖ਼ੈਰ ਅੰਦੇਸ਼

ਗੁਰਦੀਪ/ਰੇਸ਼ਮ ਮਾਜਰੀ, ਡੇਹਰਾਦੂਨ

ਪਾਬਲੋ-ਨਰੂਦਾ ਨੂੰ ਇੰਜ ਪੇਸ਼ ਕਰਕੇ ਅਦਾਰਾ ਹਰ ਤਰ੍ਹਾਂ ਵਧਾਈ ਦਾ ਹੱਕਦਾਰ ਹੈ...... ਵਿਸ਼ਵ ਪ੍ਰਸਿਧ ਲੇਖਕਾਂ ਨੂੰ ਅਗਰ ਇਜ ਹੀ ਅਨੁਵਾਦ ਕਰਦੇ ਰਹੇ ਤਾਂ 'ਚਿਰਾਗ਼' ਹਰ ਪਾਠਕ ਦੀ ਸੋਚ ਲਈ 'ਚਿਰਾਗ਼ ਹੀ ਸਿੱਧ ਹੋਵੇਗਾ। ਡਾ: ਐਸ. ਤਰਸੇਮ ਦੀ ਚੋਣ ਸਹੀ ਸੀ। ਪ੍ਰੋ: ਬ੍ਰਹਮ ਜਗਦੀਸ਼ ਸਿੰਘ ਹੁਰਾਂ ਨੇ ਕੁੱਝ ਨਾਮ 'ਆਧੁਨਿਕ ਪੰਜਾਬੀ ਕਵਿਤਾ 'ਚ ਸ਼ਾਇਦ ਲਿਹਾਜ਼ ਵਜੋਂ ਸ਼ਾਮਿਲ ਕਰ ਲਏ ਨੇ ਜਾਂ ਇਸ ਸਮੇਂ ਦੀ ਨਵੀਂ ਕਵਿਤਾ ਉਹਨਾਂ ਤੋਂ ਦੂਰ ਰਹੀ ਹੈ। "ਪੰਜਾਬੀ ਨਾਲ ਧਰੋਹ ਆਖਿਰ ਕਦ ਤੀਕ ?' ਨੇ ਸਿੱਧ ਕਰ ਦਿੱਤਾ ਹੈ ਕਿ ਪੰਜਾਬੀ ਸਿਰਫ ਪੰਜਾਬੀ ਹੈ ਭਾਵੇਂ ਉਹ ਦਨੀਆਂ ਦੇ ਕਿਸੇ ਵੀ ਹਿੱਸੇ 'ਚ ਬੈਠਾ ਹੈ। ਹਰਵਿੰਦਰ ਭੰਡਾਲ ਦੀਆਂ ਨਜ਼ਮਾਂ ਪਿਆਰੀਆਂ ਨੇ ਵਿਸ਼ੇਸ਼ ਕਰਕੇ "ਮੋਈਆਂ ਸਦੀਆਂ ਦਾ ਭਾਰ" ਦੀਆਂ ਇਹ ਸਤਰਾਂ:

—ਤੇ ਮੂਰਖ ਵਿਕਰਮ
ਅਜੇ ਵੀ ਹੱਥ ਵਿਚਲੀ ਤਲਵਾਰ ਨਾਲ
ਭਵਿੱਖ ਦਾ ਹੀ ਸਿਰ ਕਲਮ ਕਰਦਾ ਹੈ
ਪਰ ਭਵਿੱਖ ਦਾ ਸਿਰਫ ਇੱਕ ਹੀ ਤਾਂ ਸਿਰ ਨਹੀਂ ਹੁੰਦਾ।



ਮੇਰੀ ਇੱਕ ਨਜਮ ਦੀਆਂ ਲਾਈਨਾਂ ਸਨ "ਕਿ ਜੇ ਉਹ ਸਿਰ ਲੈਣ ਦੇ ਅਰਥ ਰੱਖਦੇ ਹਨ ਤੇ ਅਸੀਂ ਸਿਰ ਦੇਣ ਦੇ ਅਰਥ ਰੱਖਦੇ ਹਾ।" ਮੇਰੀ ਇਸ ਸੋਚ ਤੋਂ ਹਰਵਿੰਦਰ ਦੀ ਸੋਚ, ਇਸ ਨਜਮ 'ਚ ਹਰ ਤਰਾਂ ਅੱਗੇ ਤੁਰਦੀ ਹੈ।

ਵਿਸ਼ਾਲ, ਬਿਆਸ

ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬੀ ਜ਼ੁਬਾਨ ਵਿਚ ਇੱਕ ਮਿਆਰੀ ਤ੍ਰੈਮਾਸਿਕ ਦਾ ਵਾਧਾ ਹੋਇਆ ਹੈ। ਤੁਹਾਡੀ ਮਿਹਨਤ ਅਤੇ ਲਗਨ ਸਰਾਹੁਣ ਯੋਗ ਹੈ। ਪਰਚਾ ਲਗਾਤਾਰ ਮਿਲ ਰਿਹਾ ਹੈ। ਕੱਲ ਹੀ ਚਿਰਾਗ਼-9 ਪ੍ਰਾਪਤ ਹੋਇਆ ਹੈ ਪਰਚੇ ਦੇ ਸਭ ਤੋਂ ਪਹਿਲੇ ਅੰਕ ਤੋਂ ਹੀ ਤੁਸੀਂ "ਵਾਘਿਉਂ ਪਾਰ" ਕਾਲਮ ਹੇਠ ਪਾਕਿਸਤਾਨ ਵਸਦ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਛਾਪਦੇ ਆਏ ਹੋ। ਚਿਰਾਗ਼-9 ਵਿਚ ਤੁਸੀਂ ਗੁਰਚਰਨ ਰਾਮਪੁਰੀ, ਦਰਸ਼ਨ ਬੁਲੰਦਵੀ, ਨਿਰੰਜਣ ਸਿੰਘ ਨੂਰ, ਸੰਤੋਖ ਧਾਲੀਵਾਲ ਤੇ ਵਰਿੰਦਰ ਪ੍ਰਹਾਰ ਦੀਆਂ ਨਜ਼ਮਾਂ ਇੱਕ ਵਿਸ਼ੇਸ਼ ਕਾਲਮ "ਪ੍ਰਵਾਸੀ ਕਾਵਿ-ਸੰਸਾਰ' ਹੇਠ ਛਾਪੀਆਂ ਹਨ। ਸ਼ਬਦ "ਪ੍ਰਵਾਸੀ" ਦੇ ਸਬੰਧ ਵਿਚ ਕੁੱਝ ਕਹਿਣਾ ਚਾਹਾਂਗਾ—

ਪਿਛਲੇ ਕੁੱਝ ਦਹਾਕਿਆਂ ਵਿਚ ਪੰਜਾਬੀ ਲੋਕ ਦੁਨੀਆਂ ਦੇ ਲਗਭਗ ਹਰ ਕੋਨੇ ਵਿਚ ਜਾ ਕੇ ਵੱਸ ਗਏ ਹਨ। ਬਹੁਤੇ ਮੁਲਕਾਂ ਤੇ ਖਾਸਕਰ, ਸਨਅਤੀ ਪੱਖੋਂ ਵਿਕਾਸ ਕਰ ਚੁੱਕੇ ਮੁਲਕਾਂ ਵਿਚ ਪੰਜਾਬੀ ਲੋਕ ਉਥੋਂ ਦੇ ਰਹਿਣ ਸਹਿਣ ਨੂੰ ਕਾਫੀ ਹੱਦ ਤੱਕ ਅਪਣਾ ਚੁੱਕੇ ਹਨ ਤੇ ਉਥੋਂ ਦੀ ਸਮਾਜਿਕ ਮੁੱਖ-ਧਾਰਾ ਵਿਚ ਹੌਲੀ ਹੌਲੀ ਸ਼ਾਮਿਲ ਹੋ ਰਹੇ ਹਨ। ਪਰ ਇਸਦੇ ਬਾਵਜੂਦ ਲਗਭਗ ਸਾਰੇ ਪੰਜਾਬੀਆਂ ਨੇ ਪੰਜਾਬੀ ਜ਼ੁਬਾਨ ਪ੍ਰਤੀ ਆਪਣਾ ਮੋਹ ਨਹੀਂ ਤਿਆਗਿਆ। ਸਿੱਟੇ ਵਜੋਂ ਪੰਜਾਬੀ ਸਹਿਤ ਜਿਥੇ ਜਲੰਧਰ, ਪਟਿਆਲੇ, ਲੁਧਿਆਣੇ ਜਾਂ ਅੰਮ੍ਰਿਤਸਰ ਰਚਿਆ ਜਾ ਰਿਹਾ ਹੈ ਉਥੇ ਵੈਨਕੂਵਰ, ਟਰਾਂਟੋ, ਕੈਲੇਫੋਰਨੀਆ, ਨਿਊਯਾਰਕ, ਸਾਊਥਾਲ ਤੇ ਇੰਗਲੈਂਡ, ਅਸਟਰੇਲੀਆ, ਕੈਨੇਡਾ, ਅਮਰੀਕਾ ਦੀਆਂ ਹੋਰ ਅਨੇਕਾਂ ਜਗ੍ਹਾ ਉੱਪਰ ਵੀ ਰਚਿਆ ਜਾ ਰਿਹਾ ਹੈ। ਕੋਈ ਵੀ ਜ਼ੁਬਾਨ ਕਿਸੇ ਕਿਸਮ ਦੀਆਂ ਭੂਗੋਲਿਕ ਹੱਦਾਂ ਦੀ ਕੈਦ ਵਿਚ ਨਹੀਂ ਹੁੰਦੀ ਤੇ ਨਾ ਹੀ ਅੱਜ ਦੇ ਤਰੱਕੀ ਕਰ ਚੁੱਕੇ ਇਲੈਕਟਰੋਨਿਕ ਯੁੱਗ ਵਿਚ ਇਸ ਉੱਪਰ ਕੋਈ ਹੋਰ ਬੰਦਿਸ਼ਾਂ ਲਾਈਆਂ ਜਾ ਸਕਦੀਆਂ ਹਨ। ਸੋ ਸ਼ਬਦ "ਪ੍ਰਵਾਸੀ ਲੇਖਕ" ਜਾਂ ਪ੍ਰਵਾਸੀ ਕਵੀ" ਜਾਂ "ਪ੍ਰਵਾਸੀ ਕਹਾਣੀਕਾਰ' ਘੱਟੋ ਘੱਟ ਪੰਜਾਬੀ ਜ਼ੁਬਾਨ ਲਈ ਅਪ੍ਰਸੰਗਿਕ ਹੋ ਗਏ ਹਨ। ਪਰ ਜਾਪਦਾ ਹੈ ਕਿ ਭਾਰਤ ਵਿਚਲੇ ਪੰਜਾਬ ਵਿਚ ਵਸਦੇ ਪੰਜਾਬੀ ਲੇਖਕਾਂ/ਆਲੋਚਕਾਂ ਨੂੰ ਇਹ ਗੱਲ ਅਜੇ ਹਜ਼ਮ ਨਹੀਂ ਹੋ ਰਹੀ। ਜੇਕਰ ਸ਼ਾਬਦਿਕ ਰੂਪ ਵਿਚ "ਪ੍ਰਵਾਸ" ਸ਼ਬਦ ਦੇ ਅਰਥ ਲੈ ਕੇ ਗੱਲ ਕਰੀਏ ਤਾਂ ਰਾਜਪੁਰੇ ਤੋਂ 21 ਕਿਲੋਮੀਟਰ ਦੱਖਣ ਤੋਂ ਬਾਦ ਵਸਣ ਵਾਲਾ ਹਰ ਪੰਜਾਬੀ ਪ੍ਰਵਾਸੀ ਹੈ, ਇੱਥੋਂ ਤੱਕ ਕਿ ਚੰਡੀਗੜ੍ਹ ਵਸਣ ਵਾਲਾ ਪੰਜਾਬੀ ਵੀ ਅਜੇ ਪ੍ਰਵਾਸੀ ਹੈ (ਚੰਡੀਗੜ੍ਹ ਦਾ ਮਸਲਾ ਹੱਲ ਹੋਣ ਤੱਕ)। ਇਸ ਹਿਸਾਬ ਨਾਲ ਬੰਬਈ ਬੈਠੇ ਸੁਖਬੀਰ ਜਾਂ ਕੁਰਕਸ਼ੇਤਰ ਬੈਠੇ ਡਾ: ਕਰਮਜੀਤ ਹੁਰੀਂ ਵੀ ਪ੍ਰਵਾਸੀਗਿਣੇ ਜਾ ਜਾ ਸਕਦੇ ਹਨ।

ਸ਼ਬਦ "ਵਾਘਿਉਂ ਪਾਰ" ਸ਼ਾਇਦ ਇਸ ਕਰਕੇ ਹਜ਼ਮ ਹੁੰਦਾ ਆਇਆ ਹੈ ਕਿ ਲਿੱਪੀ ਦਾ ਫਰਕ ਹੈ। ਪਰ ਸ਼ਾਇਦ ਇਹ ਫਰਕ ਕਰਨਾ ਜਾਇਜ਼ ਨਹੀਂ ਹੈ। ਲੇਖਕ ਦੀ

ਰਚਨਾ ਦੇ ਨਾਲ ਲੇਖਕ ਦਾ ਨਾਮ ਤੇ ਉਸ ਦੇ ਸ਼ਹਿਰ ਜਾਂ ਮੁਲਕ ਲਿਖਣ ਨਾਲ ਕੰਮ ਚਲ ਸਕਦਾ ਹੈ ਬਜਾਇ ਉਹਨਾਂ ਦਾ ਵਰਗੀਕਰਨ ਦੇ। ਸ਼ਬਦ "ਪ੍ਰਵਾਸ" ਹੋਰ ਸ਼ੰਕੇ ਵੀ ਖੜੇ ਕਰ ਸਕਦਾ ਹੈ ਮਸਲਨ ਜੇਕਰ ਕੈਨੇਡਾ ਜਾਂ ਇੰਗਲੈਂਡ ਵਸਦਾ ਲੇਖਕ ਪੰਜਾਬ ਬਾਰੇ ਰਚਨਾ ਕਰਦਾ ਹੈ ਤਾਂ ਉਹ ਲਿਖਤ ਨੂੰ ਕੀ ਕਿਹਾ ਜਾਵੇ ਤੇ ਉਹ ਕੈਨੇਡਾ ਜਾਂ ਇਗਲੈਂਡ ਦੀ ਜਿੰਦਗੀ ਜਾਂ ਉੱਥੋਂ ਦੇ ਗੋਰੇ ਜਾਂ ਹੋਰ Non-PUNJABI ਪਾਤਰਾਂ ਨੂੰ ਲੈ ਕੇ ਰਚਨਾ ਕਰੇ ਤਾਂ ਉਸ ਨੂੰ ਕੀ ਕਿਹਾ ਜਾਵੇ ? ਇਥੇ ਮੈਂ ਸਵਰਨ ਚੰਦਨ ਦੀ ਉਦਾਹਰਣ ਦੇਣੀ ਚਾਹਾਂਗਾ ਕਿ ਉਹਨਾਂ ਨੇ ਇੰਗਲੈਂਡ ਵਸਦੇ ਹੋਏ ਨਾ ਕੇਵਲ ਇੰਗਲੈਂਡ ਦੀ ਜ਼ਿੰਦਗੀ ਨੂੰ ਆਪਣੀ ਰਚਨਾਵਾਂ ਵਿਚ ਪਸ਼ ਕੀਤਾ ਹੈ ਬਲਕਿ ਇੰਗਲੈਂਡ ਆਉਣ ਤੋਂ ਪਹਿਲਾਂ ਭਾਰ ਵਿਚ ਬਿਤਾਈ ਜਿੰਦਗੀ ਦੇ ਤਜਰਬੇ ਦੇ ਆਧਾਰ ਤੇ ਵੀ ਰਚਨਾਵਾਂ ਕੀਤੀਆਂ ਹਨ। ਇਸ ਤਰਾਂ ਹੁਣ ਉਹ ਭਾਰਤ (ਦਿੱਲੀ) ਰਹਿ ਰਹੇ ਹਨ ਤਦ ਵੀ ਉਹਨਾਂ ਨੇ ਇੰਗਲੈਂਡ ਦੇ ਜੀਵਨ ਦਾ ਯਥਾਰਥ ਪੇਸ਼ ਕਰਦਾ ਨਾਵਲ 'ਕੰਜਕਾਂ' ਲਿਖਿਆ ਹੈ। ਉਹਨਾਂ ਨੂੰ ਕਿਸ ਜਮਾਤ ਵਿਚ ਰੱਖਾਂਗੇ। (ਵੈਸੇ ਦਿੱਲੀ ਵੀ ਪੰਜਾਬ ਤੋਂ ਬਾਹਰ ਹੈ।

ਸਾਰੰਸ਼ ਇਹ ਕਿ ਲਿਖਤ ਦਾ ਮਾਪਦੰਡ ਉਸ ਦੀ ਸਮੱਗਰੀ ਜਾਂ ਵਿਸ਼ੇ ਵਸਤੂ ਹੋਣਾ ਹੋਣਾ ਚਾਹੀਦੀ ਹੈ ਨਾ ਕਿ ਲੇਖਕ ਦੇ ਵੱਸਣ ਦਾ ਸਥਾਨ। ਇਹ ਪੰਜਾਬੀ ਜ਼ੁਬਾਨ ਦੀ ਖੁਸ਼-ਕਿਸਮਤੀ ਗਿਣੀ ਜਾਣੀ ਚਾਹੀਦੀ ਹੈ ਕਿ ਪੰਜਾਬੀਆਂ ਦੇ ਦੁਨੀਆਂ ਦੇ ਹੋਰ ਕੋਨਿਆਂ ਵਿਚ ਵੱਸਣ ਨਾਲ ਪੰਜਾਬੀ ਸਭਿਆਰਚਾਰ ਅਮੀਰ ਹੋ ਰਿਹਾ ਹੈ ਨਾ ਕਿ ਬਦਕਿਸਮਤੀ। ਵੈਸੇ "ਪ੍ਰਵਾਸੀ ਕਾਵਿ-ਸੰਸਾਰ" ਹੇਠ ਛਪੀਆਂ ਨਜ਼ਮਾਂ ਵਿਚੋਂ ਕੋਈ ਵੀ ਵਿਦੇਸ਼ ਦੀ ਮੂਰਤ ਨਹੀਂ ਪੇਸ਼ ਕਰਦੀ। ਆਸ ਹੈ ਕਿ ਇਨ੍ਹਾਂ ਨੁਕਤਿਆਂ ਨੂੰ ਤੁਸੀਂ ਗੰਭੀਰਤਾ ਨਾਲ ਵਿਚਾਰੋਗੇ।

ਭਵਿੱਖ ਵਿਚ ਆਪਣੀ ਰਚਨਾ ਜ਼ਰੂਰ ਭੇਜਾਂਗਾ। ਧਰਚੇ ਵਿਚ ਨਜ਼ਮਾਂ ਤੇ ਗਜ਼ਲਾਂ ਕਾਫੀ ਖਿੱਲਰੀਆਂ ਹੁੰਦੀਆਂ ਹਨ। ਕੀ ਲੇਅ ਆਊਟ ਦੀ ਕੋਈ ਮਜ਼ਬੂਰੀ ਹੈ ! ਮਾਰਕਸਵਾਂਦ ਦਾ ਸੁਹਜ ਸ਼ਾਂਸਤਰ ਕੱਢਣ ਦਾ ਵਿਚਾਰ ਬਹਤ ਅੱਛਾ ਹੈ। ਇਸ ਦੀ ਜ਼ਰੂਰਤ ਵੀ ਖਾਸੀ ਹੈ। ਵੈਸੇ ਵਾਘਿਓਂ ਪਾਰ ਵਸਦੇ ਪੰਜਾਬੀ ਲੇਖਕਾਂ/ਪਾਠਕਾਂ ਨਾਲ ਸਾਂਝ ਵਧਾਉਣ ਦਾ ਤੁਹਾਡਾ ਉਪਰਾਲਾ ਸਲਾਹੁਣਯੋਗ ਹੈ। ਇਸਦੀ ਵੀ ਬਹੁਤ ਜ਼ਰੂਰਤ ਹੈ।

ਅਮਨ ਪਾਲ ਸਾਰਾ (ਕੈਨੇਡਾ)

★ 'ਚਿਰਾਗ਼' ਅੰਕ-9 ਮਿਲਿਆ। ਇਸ ਦੀ ਵਿਲੱਖਣਤਾ ਇਸ ਵਿਚ ਛਪਿਆ ਉੱਤਮ ਸਾਹਿਤ ਹੀ ਹੈ ਜਿਸ ਲਈ ਆਪ ਵਧਾਈ ਦੇ ਪਾਤਰ ਹੋ। ਇਸ ਵਿਚ ਛਪ ਲੇਖ ਬਹੁਤ ਪਸੰਦ ਆਏ। ਖਾਸ ਕਰਕੇ ਨੂਰ ਸਾਹਿਬ ਦਾ ਫ਼ੈਜ਼ ਸਾਹਿਬ ਬਾਰੇ ਤੇ ਪਾਬਲੋ-ਨੇਰੂਦਾ ਬਾਰੇ ਨਿਜੀ ਜਾਣਕਾਰੀ। ਵਾਘਿਓਂ ਪਾਰ ਉਰਦੂ ਸ਼ਾਇਰੀ, ਲੇਖ ਵਿਚ ਜੇਕਰ ਵਿਰਦੀ ਸਾਹਿਬ ਪੰਜਾਬੀ ਅਨੁਵਾਦ ਦੇ ਨਾਲ ਨਾਲ ਉਰਦੂ ਸ਼ਾਇਰਾਂ ਦੀਆਂ ਅਸਲ ਉਰਦੂ ਨਜ਼ਮਾਂ ਵੀ ਪੇਸ਼ ਕਰਦੇ ਤਾਂ ਬਹੁਤ ਹੀ ਪਰਭਾਵਸ਼ਾਲੀ ਹੁੰਦਾ।



ਜਿਸ ਲੇਖ ਨੇ ਮੈਨੂੰ ਟੁੰਬਿਆ ਤੇ ਇਕ ਛੋਟੀ ਜਹੀ ਨਜ਼ਮ ਲਿਖਣ ਤੇ ਮਜਬੂਰ ਕੀਤਾ, ਉਹ ਹੈ "ਪੰਜਾਬੀ ਨਾਲ ਧਰੋਹ ਆਖਰ ਕਦੋਂ ਤੀਕ ?" ਮੈਂ ਇਹ ਨਜ਼ਮ ਆਪ ਦੀ ਭੇਂਟ ਕਰ ਰਿਹਾ ਹਾਂ।

"ਪ੍ਰੋ: ਬ੍ਰਹਮਜਗਦੀਸ਼ ਸਿੰਘ ਦੀ "ਆਧੁਨਿਕ ਪੰਜਾਬੀ ਕਵਿਤਾ" ਤੇ ਅਲਚਨਾ ਬਹੁਤ ਪਸੰਦ ਆਈ ਤੇ ਮੈਂ ਉਹਨਾਂ ਦੀਆਂ ਇਹ ਸਤਰਾਂ ਬਾਰ ਬਾਰ ਪੜ੍ਹੇ ਬਿਨਾਂ ਨਹੀਂ ਰਹਿ ਸਕਿਆ। "...ਗ਼ਜ਼ਲ ਦੀ ਰਚਨਾਤਮਕ ਖ਼ੂਬੀ ਇਹ ਹੈ ਕਿ ਇਹ ਟੁੱਟਵਾਂ ਸੰਵਾਦ ਰਚਾਉਂਦੀ ਹੈ...। ਮੇਰਾ ਵਿਚਾਰ ਹੈ ਕਿ ਵੀਹਵੀਂ ਸਦੀ ਦੇ ਇਸ ਆਖਰੀ ਦਹਾਕੇ ਵਿਚ [ਜੇ ਕੋਈ ਕਾਵਿ ਰੂਪ ਜੀਵਤ ਰਿਹਾ] ਇਕੱਲੀ ਗ਼ਜ਼ਲ ਹੀ ਬਾਕੀ ਬਚੇਗੀ।" ਮੈਂ ਉਹਨਾਂ ਦੇ ਇਸ ਵਿਚਾਰ ਨਾਲ ਪੂਰਾ ਸਹਿਮਤ ਹਾਂ ਕਿਉਂਕਿ ਰੋਸ਼ਨੀ ਨੂੰ ਬਹੁਤੀ ਦੇਰ ਲਈ ਹਨੇਰੇ ਦੇ ਪਰਦਿਆਂ ਵਿਚ ਨਹੀਂ ਛੁਪਾਇਆ ਜਾ ਸਕਦਾ ਤੇ ਨਾ ਹੀ ਸਚਾਈ ਨੂੰ ਕੂੜ ਥੱਲੇ। ਉਹਨਾਂ ਨੂੰ ਮੇਰਾ ਸਲਾਮ ਪੇਸ਼ ਕਰਨਾ।

ਪਰ ਜੋ ਗ਼ਜ਼ਲਾਂ 'ਚਿਰਾਗ਼' ਦੇ ਇਸ ਅੰਕ ਵਿਰ ਛਪੀਆਂ ਹਨ ਉਹਨਾਂ ਨੂੰ ਪੜ੍ਹਕੇ ਬ੍ਰਹਮਜਗਦੀਸ਼ ਸਿੰਘ ਦੀਆਂ ਉਪਰਲੀਆਂ ਸਤਰਾਂ ਦਮ ਤੋੜਦੀਆਂ ਲਗਦੀਆਂ ਨੇ। ਜੋ ਤਰੁਟੀਆਂ ਦੇਖਣ ਵਿਚ ਆਈਆਂ ਨੇ, ਉਨ੍ਹਾਂ ਨੂੰ ਸਮੁਖ ਰਖਕੇ ਇੰਝ ਲਗਦਾ ਹੈ ਜਿਵੇਂ ਪੰਜਾਬੀ ਗ਼ਜ਼ਲਗੋ ਗ਼ਜ਼ਲ ਦੀ ਸਨਫ਼ ਹੀ ਨਹੀਂ ਜਾਣਦੇ ਜਾਂ ਉਹ ਜਾਨਣਾ ਨਹੀਂ ਚਾਹੁੰਦੇ। ਮੈਂ ਇਥੇ ਕਿਸੇ ਵੀ ਗ਼ਜ਼ਲ ਵਲ ਇਸ਼ਾਰਾ ਨਾ ਕਰਦਾ ਹੋਇਆ ਇੰਨਾ ਲਿਖਾਂਗਾ ਕਿ ਜਦ ਗ਼ਜ਼ਲ ਦਾ ਮਤਲਾ, ਜੋ ਗ਼ਜ਼ਲ ਦੀ ਬਹਿਰ ਕਾਫੀਆ ਤੇ ਰਦੀਫ ਨਿਸਚਿਤ ਕਰਦਾ ਹੈ, ਹੀ ਗ਼ਲਤ ਹੈ ਤਾਂ ਬਾਕੀ ਗ਼ਜ਼ਲ ਦੀ ਕੀ ਦੁਰਦਿਸ਼ਾ ਹੋਈ ਹੋਵੇਗੀ ? ਕਈਆਂ ਗ਼ਜ਼ਲਾਂ ਵਿਚ ਇਸ ਤਰ੍ਹਾਂ ਦੇ ਸ਼ਬਦ ਪਰਯੋਗ ਕੀਤ ਗਏ ਹਨ ਜਿਹਨਾਂ ਦੇ ਅਰਥ ਉਸ ਮਿਸਰੇ ਵਿਚ ਨਹੀਂ ਢੁਕਦੇ ਅਤੇ ਕਈ ਸ਼ਬਦ ਜ਼ਬਰਦਸਤੀ ਘਸੋੜੇ ਗਏ ਹਨ। 'ਤੋਲ' ਦੀ ਤੇ ਬਹਿਰ ਦੀ ਜੋ ਬੁਰੀ ਹਾਲਤ ਹੈ ਉਸ ਨੂੰ ਦੇਖ ਕੇ ਤੇ ਅੱਖੀਆਂ ਮੀਟਣੀਆਂ ਪੈਂਦੀਆਂ ਹਨ।

ਖ਼ੈਰ, ਇਹ ਸਾਰੇ ਹੀ ਐਬ ਕਾਫ਼ੂਰ ਦੀ ਤਰ੍ਹਾਂ ਉੱਡ ਗਏ ਜਦ ਆਖਰੀ ਸਫੇ ਤੋਂ ਪਹਿਲਾਂ ਛਪੀਆਂ ਦੋ ਗ਼ਜ਼ਲਾਂ ਪੜ੍ਹੀਆਂ ਤੇ ਦਿਲ ਝੂਮ ਉਠਿਆ। ਇਹ ਬੇਐਬ ਗ਼ਜ਼ਲਾਂ ਕਾਬਲੇ ਇਹਤਰਾਮ ਹਨ ਤੇ ਇਸ ਸ਼ੇਅਰ ਤੇ ਜਾਨ ਦੇਣ ਨੂੰ ਦਿਲ ਕਰਦਾ ਹੈ :—

ਭੁੱਖੀਆਂ ਸੱਧਰਾਂ ਬਲਦੀ ਬੁੱਝਦੀ ਅੱਗ ਵੱਲ ਤੱਕ ਤੱਕ ਥੱਕੀਆਂ
ਦੇਗ ਉਡੀਕਾਂ ਦੀ ਨਾ ਪੱਕੇ ਦੱਸ ਕਿਹਨੂੰ ਵਰਤਾਈਏ ?

ਸੁਭਾਨ ਅੱਲ੍ਹਾ ! ਰੱਬ ਬੁਰੀ ਨਜ਼ਰ ਤੋਂ ਬਚਾਏ। ਬਾਕੀ ਮੁਲਾਕਾਤ ਹੋਣ ਤੇ।

ਆਦਾਬ

ਮਖਲਸ,

ਨਦੀਮ ਪਰਮਾਰ

5515, ਵੁੱਡਜ਼ ਵਰਥ ਸਟਰੀਟ, (ਬਰਨੇਬੀ ਕੈਨੇਡਾ) ਬੀ. ਸੀ.

ਕਲਕੱਤਾ

6-10-94

ਸਾਥੀ ਜੀ,

ਤੁਹਾਡਾ ਖ਼ਤ ਮਿਲਿਆ। ਸੁਝਾਅ ਲਈ ਬਹੁਤ ਬਹੁਤ ਧੰਨਵਾਦ। ਮੈਨੂੰ ਨਹੀਂ ਪਤਾ ਲੱਗਦਾ, ਅਜੋਕੇ ਵਾਤਾਵਰਣ ਵਿਚ ਮੈਂ ਮਾਰਕਸਵਾਦੀ ਸੁਹਜ-ਸ਼ਾਸਤਰ ਬਾਰੇ ਕੀ ਲਿਖਾਂ। ਮੈਂ ਸਿ=ਫ ਇਹ ਕਹਿ ਸਕਦਾਂ ਕਿ ਤੁਸੀਂ ਇਕ ਮਨੁੱਖ ਵਜੋਂ ਇਸ ਉਮਰ ਵਿਚ, ਸੋਚ ਰਹੇ ਹੋ, ਕੰਮ ਕਰ ਰਹੇ ਹੋ, ਮਨੁੱਖਤਾ ਦੀ ਅਜ਼ਾਦੀ ਦੀ ਤਾਂਘ ਲਈ ਲਿਖ ਰਹੇ ਹੋ—ਵਿਸ਼ਾਲ ਮਨੁੱਖ ਜਾਤੀ ਦੀ ਖਾਤਰ। ਇਹੀ ਹੈ ਮਾਰਕਸਵਾਦੀ ਚਿੰਤਨ ਦਾ ਸੁਹਜ-ਸ਼ਾਸਤਰ।

ਫੇਰ ਵੀ ਮੈਂ ਲੇਖ ਲਿਖਣ ਲਈ ਤੁਹਾਡੀ ਤਜਵੀਜ਼ ਮੂਲੋਂ ਹੀ ਰੱਦ ਨਹੀਂ ਕਰਦਾ। ਸਾਡੀ ਜਥੇਬੰਦੀ ਵਲੋਂ 16 ਤੋਂ 18 ਦਸੰਬਰ 94 ਤੀਕ ਤਿੰਨ ਦਿਨਾਂ ਦੀ ਕਲਕੱਤੇ ਵਿਚ, ਸਾਹਿਤਕ ਕਾਨਫਰੰਸ ਕਰ ਰਹੇ ਹਾਂ, ਜਿਹੜੀ ਵਿਸ਼ੇਸ਼ ਤੌਰ ਤੇ ਬੰਗਾਲੀ ਸਾਹਿਤ ਨੂੰ ਸਮਰਪਿਤ ਹੋਵੇਗੀ, ਇਸ ਦੀਆਂ ਰਚਨਾਵਾਂ ਦੇ ਵੱਖ-ਵੱਖ ਪੱਖਾਂ ਬਾਰੇ। ਇਸ ਲਈ ਤੁਸੀਂ ਅਨੁਭਵ ਕਰ ਸਕਦੇ ਹੋ ਕਿ ਮੈਂ ਕਿੰਨਾ ਰੁੱਝਾ ਹੋਇਆ ਹਾਂ। ਬੰਗਲਾ ਦੇਸ਼, ਆਸਾਮ, ਤਰੀਪੁਰਾ ਤੇ ਬਿਹਾਰ ਦੇ ਉਹ ਲੇਖਕ ਬੁਲਾਏ ਜਾ ਰਹੇ ਹਨ, ਜਿਹੜੇ ਬੰਗਾਲੀ ਸਾਹਿਤ ਉੱਤੇ ਕੰਮ ਕਰਦੇ ਹਨ।

ਫੇਰ ਵੀ ਮੈਂ ਤੁਹਾਡੀ ਸੁਹਿਰਦ ਕੋਸ਼ਿਸ਼ ਨੂੰ ਚੇਤੇ ਰੱਖਾਂਗਾ ਤੇ ਨਿਯਤ ਸਮੇਂ ਵਿਚ, ਲੇਖ ਭੇਜ ਦਿਆਂਦਾ। ਮੈਂ ਤੇ ਮੇਰੇ ਸਾਥੀ ਤੁਹਾਨੂੰ ਯਾਦ ਕਰਦੇ ਨੇ ਤੇ ਸਦਾ ਹੀ ਯਾਦ ਕਰਦੇ ਰਹਾਂਗੇ।

ਸਤਿਕਾਰ ਨਾਲ,

ਇੰਦਰ ਨਾਥ ਬੰਨਰਜੀ

ਜਨਰਲ ਸਕੱਤਰ, ਡੈਮੋਕਰੇਟਿਕ ਲੇਖਕ ਤੇ ਕਲਾਕਾਰ ਐਸੋਸੀਏਸ਼ਨ, ਕਲਕੱਤਾ

★ 'ਚਿਰਾਗ਼ ਚੰਗੇ ਸਾਹਿਤਕ ਪੱਧਰ ਦਾ ਹੈ। ਪੜ੍ਹਕੇ ਭੁੱਲੀਆਂ ਯਾਦਾਂ ਤਾਜ਼ਾ ਹੋ ਗਈਆਂ। ਨੂਰ ਮੇਰਾ ਜਮਾਤੀ ਹੈ। 'ਵਾਘਿਓਂ ਪਾਰ' ਵਿਚ ਫਰੀਦਕੋਟੀ ਦਾ ਲੇਖ ਟੁੰਬਵਾਂ ਹੈ। ਤੁਹਾਡੀ ਘਾਲਣਾ ਦੀ ਦਾਦ।

(ਪਿਆਰਾ ਸਿੰਘ ਹੁੰਦਲ, ਕੈਨੇਡਾ)

★ ਪੁਸਤਕ ਲੜੀ-9 ਬਹੁਤ ਵਧੀਆ ਸੀ। ਸਾਰਾ ਮੈਟਰ ਨਰੋਆ ਸੀ। ਚਿਰਾਗ਼ ਦੀਆਂ ਲਾਟਾਂ ਦੀ ਚਰਚਾ ਹੋ ਰਹੀ ਹੈ। ਇਹ ਤੁਹਾਡੀ ਮਿਹਨਤ ਤੇ ਸਿਰੜ ਹੀ ਹੈ, ਜੀਹਦੇ ਕਾਰਨ ਚਿਰਾਗ਼ ਲੋਕਾਂ ਵਿਚ ਸਲਾਹਿਆ ਜਾ ਰਿਹਾ ਹੈ।

ਸੰਤੋਖ ਧਾਲੀਵਾਲ, ਨੌਟਿੰਗਮ, ਯੂ. ਕੇ.

—o—



## ਉਰਦੂ ਗ਼ਜ਼ਲ/ਆਬਿਦ ਆਜ਼ਮੀਂ

ਘਰੋਂ ਦੇ ਨਜ਼ਰੇ-ਆਤਿਸ਼ ਔਰ ਜ਼ਖ਼ਮੀਂ ਜਿਸਮੋਂ-ਜਾਂ ਕਬ ਤੱਕ,
ਬਨਾਓਗੇ ਇਨੇਂ ਅਖ਼ਬਾਰ ਕੀ ਯੂੰ ਸੁਰਖੀਆਂ ਕਬ ਤੱਕ।

ਯੂੰ ਹੀ ਤਰਸੇਂਗੀ ਬਾਸ਼ਿੰਦੋਂ ਕੋ ਸੂਨੀ ਬਸਤੀਆਂ ਕਬ ਤੱਕ,
ਯੂੰ ਹੀ ਦੇਖੇਂਗੀ ਉਨਕੀ ਰਾਹ ਗੂੰਗੀ ਖਿੜਕੀਆਂ ਕਬ ਤੱਕ।

ਰਹੇਂਗੇ ਲਫ਼ਜ਼ ਮਜ਼ਲੂਮੋਂ ਕੇ ਆਖ਼ਿਰ ਬੇਜ਼ੁਬਾਂ ਕਬ ਤੱਕ,
ਰਹੇਂਗੀ ਬੰਦ ਗੋਦਾਮੋਂ ਮੇਂ ਇਨਕੀ ਅਰਜ਼ੀਆਂ ਕਬ ਤੱਕ।

ਨਹੀਂ 'ਸਮਝੇਂਗੇ ਯੇ ਆਖਿਰ ਲੁਟੇਰੋਂ ਕੀ ਜ਼ੁਬਾਂ ਕਬ ਤੱਕ,
ਹਮਾਰੇ ਘਰ ਕੋ ਲੁਟਵਾਤਾ ਰਹੇਗਾ ਪਾਸਬਾਂ ਕਬ ਪੱਕ।

ਰਹੇਗਾ ਕਤਲੋ-ਗ਼ਾਰਤ ਯੇ ਮੇਰਾ ਹਿੰਦੁਸਤਾਂ ਕਬ ਤੱਕ,
ਲੁਟੇਂਗੀ ਆਪਨੋਂ ਕੇ ਹਾਥੋਂ ਹੀ ਇਸਕੀ ਦਿੱਲੀਆਂ ਕਬ ਤੱਕ।

ਕਹੇ ਸਭ ਚੀਖ਼ ਕਰ ਹਮ ਪਰ ਬਲਾ ਕਾ ਕਹਿਰ ਟੂਟਾ ਹੈ,
ਕਿ ਯੂੰ ਆਪਸ ਮੇਂ ਯੇ ਸਹਿਮੀ ਹੂਈ ਸਰਗੋਸ਼ੀਆਂ ਕਬ ਤੱਕ।

ਯੂੰ ਹੀ ਪੜਤੀ ਰਹੇਗੀ ਬਰਫ਼ ਯੇ ਕਬ ਸੇ ਪਸੇ-ਮੌਸਮ,
ਯੂੰ ਹੀ ਮਰਤੀ ਰਹੇਂਗੀ ਨੰਨ੍ਹੀ ਨੰਨ੍ਹੀ ਪੱਤੀਆਂ ਕਬ ਤੱਕ।

ਕਹੀਂ ਸੇ ਭੀ ਧੂੰਆਂ ਉਠਤਾ ਹੈ ਜਬ ਘਰ ਯਾਦ ਆਤਾ ਹੈ,
ਯੂੰ ਹੀ ਸੁਲਗੇਂਗੀ ਮੇਰੀ ਬੇ-ਸਰੋ-ਸਾਮਾਨੀਆਂ ਕਬ ਤੱਕ।

ਗਿਰਾ ਦੇਤਾ ਹੈ ਹਮਕੋ ਊਂਚੀ ਮੰਜ਼ਿਲ ਪਰ ਪਹੁੰਚਤੇ ਹੀ,
ਹਮ ਉਸਕੇ ਵਾਸਤੇ ਆਖ਼ਿਰ ਬਨੇਂਗੇ ਸੀੜ੍ਹੀਆਂ ਕਬ ਤੱਕ।

ਹਮਾਰੇ ਦਮ ਸੇ ਹੈ ਸਭ ਸ਼ਾਨੋ-ਸ਼ੌਕਤ ਜਿਨਕੀ ਐ 'ਆਬਿਦ'
ਉਨ੍ਹੀਂ ਕੇ ਸਾਮਨੇ ਫੈਲਾਏਂਗੇ ਹਮ ਝੋਲੀਆਂ ਕਬ ਤੱਕ।

—o—

## ਪ੍ਰਾਪਤ ਪੁਸਤਕਾਂ

1, ਕਲਾ ਤੇ ਕਲਾਕਾਰ (ਚਿੱਤਰਕਾਰਾਂ ਬਾਰੇ ਲੇਖ) ਜਗਤਾਰਜੀਤ, ਮੁੱਲ 180/- ਪੰਨੇ 176, ਪਰਮ ਪ੍ਰਕਾਸ਼ਨ ਦਿੱਲੀ

2. ਸਰਦ ਰਿਸ਼ਤੇ (ਕਹਾਣੀਆਂ) ਅਮਨ ਪਾਲ ਸਾਰਾ, ਮੁੱਲ 60/- ਪੰਨ 96, ਕੋਆਪ-ਰੇਟਿਵ ਪਬਲੀਕੇਸ਼ਨਜ਼ ਲੁਧਿਆਣਾ

3. ਸੂਰਜ ਤੇ ਸਿਜਦਾ (ਕਵਿਤਾ) ਭਜਨ ਸਿੰਘ ਵਿਰਕ ਪੰਨੇ 96 ਮੁੱਲ 50/- ਹੜੱਪਾ ਪ੍ਰਕਾਸ਼ਨ ਜਲੰਧਰ

4. ਸੱਚ ਤੇ ਸੂਲੀ (ਕਵਿਤਾ) ਭੁਪਿੰਦਰ ਸਿੰਘ ਸੱਗੂ, ਪੰਨੇ 96, ਮੁੱਲ 40/- ਰਵੀ ਸਹਿਤ ਪ੍ਰਕਾਸ਼ਨ ਅੰਮ੍ਰਿਤਸਰ

5. ਖੂਨੀ ਰੁੱਤ (ਕਵਿਤਾ) ਨਿਰਮਲ ਸਿੰਘ ਭੰਡਾਲ, ਪੰਨੇ 88, ਮੁੱਲ 40/-

6. ਸਾਹਿਤ ਨਾਮਾ (ਲੇਖ) ਗੁਰਬਚਨ, ਮੁੱਲ 40/- ਪੰਨੇ 168 ਬਲਰਾਜ ਸਾਹਨੀ ਪ੍ਰਕਾਸ਼ਨ, ਚੰਡੀਗੜ੍ਹ

7. ਕਈ ਪਰਤਾਂ ਦੇ ਲੋਕ (ਕਹਾਣੀ), ਮੇਰੀਆਨ ਮੌਲਦੀਨੇ। ਅਨੁਵਾਦਕ ਜੋਗਿੰਦਰ ਸ਼ਮਸ਼ੇਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨੇ 216, ਮੁੱਲ 25/-

8. ਡਰਿਆ ਮਨੁੱਖ (ਕਹਾਣੀਆਂ), ਦਰਸ਼ਨ ਸਿੰਘ ਧੀਰ, ਮੁੱਲ 75/-, ਪਨੇ 140, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ

9. ਖੋਲਦੇ ਪਾਣੀ (ਕਹਾਣੀ) ਮੱਖਣ ਮਾਨ, ਪੰਨੇ 100, ਮੁੱਲ 70/- ਅਰਸ਼ ਪ੍ਰਕਾਸ਼ਨ, ਦਿੱਲੀ

10. ਆਲਮ ਕਾਵਿ (ਮਾਨਵਵਾਦੀ ਰਚਨਾ ਮੰਚ) ਪੰਜਾਬ, ਪੰਨੇ 204, ਮੁੱਲ 50/-

11. ਰੁੱਤ ਵਿਜੋਗਣ ਹੋਈ (ਉਜਾਗਰ ਸਿੰਘ ਕੰਵਲ) ਕਵਿਤਾ, ਧੰਨੇ 112, ਮੁੱਲ 40/- ਪੇਪਰ ਬੈਕ

12. ਭਾਰਤੀ ਦਰਸ਼ਨ ਵਿਚ ਪਦਾਰਥਵਾਦੀ ਤੱਤ (ਵਾਰਤਕ) ਡਾ. ਸੁਰਿੰਦਰ ਸ਼ਾਤ, ਸਫੇ 172, ਮੁੱਲ 75/-, ਜਨਵਾਦੀ ਲੇਖਕ ਮੰਚ, ਗੁਰਦਾਸਪੁਰ

13. ਮਿੰਨੀ ਕਹਾਣੀ, ਸੀਮਾਂ ਤੇ ਸੰਭਾਵਨਾ (ਆਲੋਚਨਾ) ਡਾ. ਅਨੂਪ ਸਿੰਘ, ਪੰਨੇ 144, ਮੁੱਲ 60/-, ਮਿੰਨੀ ਪ੍ਰਕਾਸ਼ਨ (ਅੰਮ੍ਰਿਤਸਰ)

14. ਭੂਰੀਆਂ ਕੀੜੀਆਂ (ਕਹਾਣੀ), ਸੇਵਕ ਸਿੰਘ ਬਰਨਾਲਵੀ, ਅਲਕਾ ਸਾਹਿਤ ਸਦਨ ਅੰਮ੍ਰਿਤਸਰ ਮੁੱਲ 60/-, ਪੰਨੇ 168

15. ਦੇਹੀ ਨਾਦ (ਕਵਿਤਾ), ਸਵਰਨਜੀਤ ਸਵੀ, ਸਫੇ 176, ਮੁੱਲ 60/- ਆਧਾਰ ਪ੍ਰਕਾਸ਼ਨ, ਪੰਚਕੂਲਾ

16. ਓਲਮ (ਕਵਿਤਾ), ਪਰਮਜੀਤ ਸੋਹਲ, ਪੰਨੇ 80, ਮੁੱਲ 30/-, ਵਰੁਣ ਪ੍ਰਕਾਸ਼ਨ ਲੁਧਿਆਣਾ

17. ਜੰਗਨਾਮਾ ਪੰਜਾਬ (ਕਵਿਤਾ), ਨਵੀਂ ਐਡੀਸ਼ਨ, ਹਰਭਜਨ ਸਿੰਘ ਹੁੰਦਲ, ਮੁੱਲ 25/- ਪੰਨੇ 90, ਚਿਰਾਗ਼ ਪ੍ਰਕਾਸ਼ਨ ਜਲੰਧਰ

18. ਆਵਾਜ਼ਾਂ ਦਾ ਜੰਗਲ (ਕਵਿਤਾ), ਸੰਤੋਖ ਧਾਲੀਵਾਲ, ਪੰਨੇ 96, ਮੁੱਲ 65/- ਅਲਕਾ ਪ੍ਰਕਾਸ਼ਨ, ਅੰਮ੍ਰਿਤਸਰ।



Phone : Clinic : 1531
Resi. : 1521

ਬੱਚਿਆਂ ਦੇ ਮਾਹਰ

**Dr. Ravinder Singh**

M.B.B.S., M.D. (Paed), Ex. P.C.M.S.

Member Indian Academy of Peadiatrics

**Child Specialist & Neonatologist**

**Circular Road, BATALA.**

# With best compliments from :

# FREEDOM SALES

## G. T. Road (Near Canal), AMRITSAR-143001

Awarded with Gold Medal & Udyog Patraby Vice President of India

CYCLE AIR PUMPS, AIR PUMP'S RUBBER NYLEX TUBINGS, CYCLE'S RUBBER & PLASTIC PARTS, MUDGUARD SCREWS & NUTS BOLTS, CYCLE BELL & PEDALS

Office Phone :
230930, 260846, 230833,
230848, 230849, 231165,
47953.

Resi. Phone :
224453, 220018, 2248
221500, 62148,
Grams : 'FREEDOM'